# ਵਰਿਆਮ

ਮਾਰਚ ੧੯੯੮



## ਇਕ ਯਾਦ ਸੁਹਾਣੀ

## ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ

ਨਾਮਧਾਰੀ ਪੰਥ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛੱਤਰ ਛਾਇਆ ਹੇਠ ੩੯ਵਾਂ ਹੋਲਾ-ਮਹੱਲਾ ਪੁਰਬ ੧੩ ਤੋਂ ੧੬ ਮਾਰਚ ੧੯੯੮ ਨੂੰ ਸ੍ਰੀ ਜੀਵਨ ਨਗਰ ਸਿਰਸਾ-ਹਰਿਆਣਾ ਵਿਚ ਮਨਾ ਰਿਹਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ੧੦੮ਵਾਂ ਜਨਮ ਦਿਵਸ ੧੬ ਮਾਰਚ ਨੂੰ ਹੈ।

Sri Satguru Jagjit Singh Ji eLibrary NamdhariElibrary@gmail.com

https://archive.org/details/namdhari



ਸੰਪਾਦਕ ਵਰਿਆਮ ਦੇ ਪਿਤਾ

## ਜੱਥੇਦਾਰ ਸੰਤ ਨੱਥਾ ਸਿੰਘ ਨਾਮਧਾਰੀ

(ਸੁਰਗਵਾਸ ੧੬ ਜਨਵਰੀ ੧੯੯੮)

ਜਿਨ੍ਹਾਂ ਦੀ ਵਰਿਆਮਤਾ 'ਵਰਿਆਮ' ਦਾ ਜੀਵਨ ਪੰਧ ਬਣੀ

ਫੋਟੋ : ਹਰਭਜਨ ਬਾਜਵਾ, ਬਟਾਲਾ ਦੇ ਧੰਨਵਾਦ ਸਹਿਤ

Sri Satguru Jagjit Singh Ji eLibrary NamdhariElibrary@gmail.com

https://archive.org/details/namdhari

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ
ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

# ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ

## ਨਾਮਧਾਰੀ ਸੇਲਜ਼

੧੦੨੪੦/੫੪, ਲਾਇਬਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

## FURSHI DURRIES & CARPETS

in Bright & Fast Colours

Manufacturers

## *Namdhari Sales*

10240/54, Library Road, Azad Market, DELHI—110006

Phone : 7514784



Sri Satguru Jagjit Singh Ji eLibrary NamdhariElibrary@gmail.com

https://archive.org/details/namdhari


Gram 'SNIPER' Hallo : 431367

*Reputed Manufacturers Of :*

**Superior Quality**

**SINGLE BARREL**

**&**

**DOUBLE BARREL**

**B. L. – 12 BORE**

# «GUNS»

# MODERN GUN WORKS

**Opp. Industrial Estate,**

**JAMMU CANTT.**




Sri Satguru Jagjit Singh Ji eLibrary NamdhariElibrary@gmail.com

Our Motto : "Best Quality of The Day"

# High Class Gun Manufacturers

## *Single & Double Barrels*



# 12-Bore GUNS

## Free India Gun Manufacturers

**Prop : S. KARTAR SINGH (JAMMU-WALE)**

**6, Industrial Estate, Ashok Nagar,**
**JAMMU CANTT.—3**

**Phone : 433810**

**S'ster Concern : M/s. KARTAR SINGH**
**ARMS & AMMUNITION DEALERS**



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਵਰਿਆਮ

ਮਾਰਚ ੧੯੯੮ ਜਿਲਦ—੨੩ ਅੰਕ—੫

## ਤਤਕਰਾ


| | |
|---|---|
| ਪਿਤਾ ਸ੍ਰੀ ਨੂੰ ਯਾਦ ਕਰਦਿਆਂ—ਜਗਦੀਸ਼ ਸਿੰਘ | ੫ |
| ਮਹਾਨ ਇਨਸਾਨ ਸੰਤ ਨੱਥਾ ਸਿੰਘ —ਗੁਰਦੇਵ ਸਿੰਘ ਹੰਜਰਾ | ੬ |
| ਬਾਪੂ ਜੀ—ਹਰਭਜਨ ਬਾਜਵਾ | ੯ |
| ਅਟਲ ਪ੍ਰਤਾਪੀ ਦੀ ਮਿਹਰ—ਏਕਮ ਸਿੰਘ | ੧੦ |
| ਦੋ ਗ਼ਜ਼ਲਾਂ—ਡਾ. ਨਰੇਸ਼ | ੧੨ |
| ਪੰਜ ਖੰਡ ਪੰਜ ਸੁੰਨ—ਅਮਰ ਭਾਰਤੀ | ੧੩ |
| ਪਰਦੇਸੀ ਪੰਜਾਬ—ਵਰਿਆਮ ਸਿੰਘ ਸੰਧੂ | ੨੩ |
| ਚੌਮਿਸਰੇ—ਚਰਨ ਸੀਚੇਵਾਲਵੀ | ੩੧ |
| ਸਿਤਾਰੋਂ ਸੇ ਆਗੇ—ਤਰਲੋਕ ਮਨਸੂਰ | ੩੨ |
| ਸੁਰ ਨਾਦ ਸੰਗੀਤ ਸਮਾਰੋਹ—ਅਮਰ ਭਾਰਤੀ | ੩੭ |
| ਪ੍ਰਤੀਕਰਮ | ੪੧ |


### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-[illegible]-੭੭ ਐਡੀਟਰਜ਼, ਮਿਤੀ ੨-੩-੭੮ ਰਾਹੀਂ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਵਰਿਆਮ ਦੇ ਦਰ


| | |
|---|---|
| ਇਹ ਅੰਕ | ੧੦.੦੦ ਰੁਪੈ |
| ਸਾਲਾਨਾ ਚੰਦਾ | ੧੦੦.੦੦ ,, |
| ਤਿੰਨ ਸਾਲ ਵਾਸਤੇ | ੨੫੦.੦੦ ,, |
| ਪੰਜ ਸਾਲ ਵਾਸਤੇ | ੪੦੦.੦੦ ,, |
| ਜੀਵਨ ਮੈਂਬਰ | ੮੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੨੦ ਪੌਂਡ |

ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
ਸਾਮ੍ਹਣੇ ਸੈਂਟਰਲ ਟਾਊਨ
ਜਲੰਧਰ ੧੪੪੦੦੧

Office Address :
Monthly WARIAM
(Punjabi)
Ladowali Road,
Opp. Central Town,
Jalandhar-144001

ਫੋਨ—ਦਫਤਰ : ੨੨੨੫੪੩
ਘਰ : ੫੬੨੮੯

Ph. 222543 (O)
56289 (R)



ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**S A G G U**

**IRON INDUSTRIES**

**ਸੱਗੂ ਆਇਰਨ ਇੰਡਸਟਰੀਜ਼**

Sugar Mill Spares, Paper & Boards Mill Spares, Textile Mill Spares, Distillery Spares & Solvent Plant Spares

All Type of Gear & Chain Sprockets & Industrial Chain

Partner : S. Puran Singh Saggu
S. Narinder Singh Saggu

**Old Railway Road, JALANDHAR**

Phone : 58795, 59056
Mobile Phone 9814060489 Pager 96124089




Sri Satguru Jagjit Singh Ji eLibrary NamdhariElibrary@gmail.com

ਸੰਪਾਦਕੀ

# ਪਿਤਾ ਸ੍ਰੀ ਨੂੰ ਯਾਦ ਕਰਦਿਆਂ

ਆਪਣਾ ਪਿਤਾ ਮਹਾਨ ਹੁੰਦਾ ਹੀ ਹੈ। ਸ਼ਾਸਤਰਾਂ ਵਿਚ ਆਪਣੇ ਪਿਤਾ ਅਤੇ ਮਾਤਾ ਦੀ ਬਹੁਤ ਮਹਾਨਤਾ ਲਿਖੀ ਗਈ ਹੈ। ਮਨੁੱਖ ਦੇ ਪਹਿਲੇ ਗੁਰੂ ਮਾਤਾ ਪਿਤਾ ਹੀ ਹੁੰਦੇ ਹਨ। ਰਾਮਾਇਣ ਵਿਚ ਪਿਤਾ ਦੇ ਦਿਤੇ ਇਕ ਵਚਨ ਦੀ ਲਾਜ ਪਾਲਣ ਵਾਸਤੇ ਪੁਤਰ ੧੪ ਸਾਲਾਂ ਦੇ ਬਨਵਾਸ ਵਾਸਤੇ ਖੁਸ਼ੀ ਖੁਸ਼ੀ ਤੁਰ ਗਿਆ ਸੀ। ਮਨੁੱਖ ਕਿੰਨੀ ਵੀ ਉਮਰ ਦਾ ਕਿਉਂ ਨਾ ਹੋ ਜਾਵੇ ਕਿੰਨੀ ਮਾਨ ਪ੍ਰਤਿਸ਼ਠਾ ਵਾਲਾ ਉਚ ਪਦਵੀ ਵਾਲਾ ਅਤੇ ਮਸ਼ਹੂਰ ਹੋ ਜਾਵੇ, ਪਰ ਉਹਨੂੰ ਆਪਣੇ ਪਿਤਾ ਦਾ ਸਾਇਆ ਸਦਾ ਹੀ ਆਸਰਾ ਦਿੰਦਾ ਹੈ। ਅਜਿਹਾ ਆਸਰਾ ਜਿਹੜਾ ਕੋਈ ਹੋਰ ਨਹੀਂ ਦੇ ਸਕਦਾ। ਪਰ ਇਸ ਗੱਲ ਦਾ ਅਹਿਸਾਸ ਮਨੁੱਖ ਨੂੰ ਉਦੋਂ ਜਿਸ ਸ਼ਿਦਤ ਨਾਲ ਹੁੰਦਾ ਹੈ ਜਦੋਂ ਉਹ ਇਸ ਆਸਰੇ ਤੋਂ ਵਿਰਵਾ ਹੋ ਜਾਂਦਾ ਹੈ, ਉਹ ਪਹਿਲਾਂ ਨਹੀਂ ਹੋ ਸਕਦਾ। ਇਹ ਅਨੁਮਾਨ ਦਾ ਵਿਸ਼ਾ ਨਹੀਂ। ਇਹ ਤਾਂ ਜਦ ਭਾਣਾ ਵਾਪਰ ਜਾਂਦਾ ਹੈ ਤਦ ਹੀ ਪਤਾ ਲਗਦਾ ਹੈ। ਪਰ ਭਾਣਾ ਤਾਂ ਭਾਣਾ ਹੀ ਹੈ। ਇਹ ਮੰਨਣਾ ਹੀ ਪੈਂਦਾ ਹੈ। ਹੋਰ ਕੋਈ ਰਾਹ ਹੀ ਨਹੀਂ।

ਸਾਡੇ ਪਿਤਾ ਜੀ ਸ. ਨੱਥਾ ਸਿੰਘ ਜੀ ਨੂੰ ਲੋਕ ਦੋ ਵਿਸ਼ੇਸ਼ਣਾਂ ਨਾਲ ਬੁਲਾਉਂਦੇ ਸਨ। ਜਥੇਦਾਰ ਜੀ ਜਾਂ ਸੰਤ ਜੀ ਕਰਕੇ। ਅਸੀਂ ਉਹਨਾਂ ਨੂੰ ਭਾਪਾ ਜੀ ਕਹਿੰਦੇ ਸਾਂ। 'ਭਾਪਾ' ਸ਼ਬਦ ਆਮ ਤੌਰ ਤੇ ਪੋਠੋਹਾਰ ਰਾਵਲਪਿੰਡੀ ਦੇ ਇਲਾਕੇ ਵਿਚ ਵਰਤਿਆ ਜਾਂਦਾ ਹੈ। ਅਜ ਕਲ ਇਧਰਲੇ ਪੰਜਾਬ ਵਿਚ ਸ਼ਹਿਰੀ ਸਿਖਾਂ ਵਾਸਤੇ ਵੀ ਆਮ ਕਰਕੇ (ਗਲਤੀ ਨਾਲ) ਵਰਤਿਆ ਜਾਣ ਲਗ ਪਿਆ ਹੈ। ਪਰ ਸਾਡੇ ਭਾਪਾ ਜੀ ਤਾਂ ਸਿਆਲਕੋਟ ਜ਼ਿਲੇ ਦੇ ਸਨ ਪਰ ਰਾਵਲਪਿੰਡੀ ਵਿਚ ਉਹ ਕੰਮ ਕਰਨ ਜਾਇਆ ਕਰਦੇ ਸਨ। ਮੈਂ ਵੀ ਰਾਵਲਪਿੰਡੀ ਵਿਚ ਪੜ੍ਹਦਾ ਰਿਹਾ ਹਾਂ। ਹੋ ਸਕਦਾ ਹੈ ਇਸ ਗੱਲ ਦਾ ਅਸਰ ਹੋਵੇ। ਉਂਞ ਵੀ ਪਾਪਾ ਤੇ ਭਾਪਾ ਦਾ ਫਰਕ ਥੋਹੜਾ ਹੈ।

ਆਪਣੇ ਬਾਪ ਬਾਰੇ ਬਹੁਤ ਕੁਝ ਇਨਸਾਨ ਨੂੰ ਪਤਾ ਹੁੰਦਾ ਹੈ। ਇਹ ਬਾਪ ਨਾਲ ਨੇੜਤਾ ਕਰਕੇ ਹੁੰਦਾ ਹੈ। ਪਰ ਜੋ ਕੁਝ ਪਤਾ ਹੁੰਦਾ ਹੈ ਉਸ ਤੋਂ ਬਹੁਤ ਕੁਝ ਵੱਧ ਪਤਾ ਨਹੀਂ ਹੁੰਦਾ। ਇਹ ਵੀ ਰਿਸ਼ਤੇ ਕਰਕੇ ਹੀ ਹੁੰਦਾ ਹੈ। ਦੂਸਰੇ ਲੋਕ ਬਹੁਤ ਜ਼ਿਆਦਾ ਜਾਣਦੇ ਹੁੰਦੇ ਹਨ। ਕੁਝ ਲੋਕ ਹੁੰਦੇ ਹਨ ਜੋ ਘਰ ਵਾਲਿਆਂ ਵਾਸਤੇ ਦੇਵਤਾ ਹੁੰਦੇ ਹਨ ਪਰ ਬਾਹਰ ਉਹਨਾਂ ਦੀ ਸੋਭਾ ਬਿਲਕੁਲ ਨਹੀਂ ਹੁੰਦੀ। ਕੁਝ ਲੋਕ ਐਸੇ ਵੀ ਹੁੰਦੇ ਹਨ ਜੋ ਘਰ ਵਾਲਿਆਂ ਵਾਸਤੇ ਕੌਡੀ ਦੇ ਨਹੀਂ ਹੁੰਦੇ। ਨਾ ਸੁਭਾਅ ਵਲੋਂ ਨਾ ਵਿਵਹਾਰ ਵਲੋਂ। ਪਰ ਬਾਹਰ ਉਹ ਬਹੁਤ ਵਡੇ ਨੇਤਾ ਅਤੇ ਮਸ਼ਹੂਰ ਲੋਕ ਰਹੇ ਹੁੰਦੇ ਹਨ। ਸਾਡੇ ਭਾਪਾ ਜੀ ਘਰ ਵਿਚ ਤਾਂ ਪਿਆਰੇ ਜਾਂਦੇ ਸਨ। ਉਹਨਾਂ ਦੀ ਨਿੱਘੀ ਛਾਂ ਦਾ ਅਹਿਸਾਸ ਤਾਂ ਅਜੇ ਤਕ ਵੀ ਹੈ ਪਰ ਬਾਹਰ ਉਹਨਾਂ ਦੀ ਅਪਾਰ ਸੋਭਾ ਦਾ ਸਾਨੂੰ ਅੰਦਾਜ਼ਾ ਨਹੀਂ ਸੀ।

ਦੁਨਿਆਵੀ ਹੈਸੀਅਤ (ਜੋ ਅਜ ਕਲ ਸਮਝੀ ਜਾਂਦੀ ਹੈ) ਵਜੋਂ ਉਹ ਸਾਧਾਰਨ ਵਿਅਕਤੀ ਸਨ। ਹਥੀਂ ਤਰਖਾਣਾ ਕੰਮ ਕਰਨ ਵਾਲੇ। ਜਿਨ੍ਹਾਂ ਦਾ ਬਚਪਨ ਵਿਚ ਹੀ ਪਿਤਾ ਚੜ੍ਹਾਈ ਕਰ ਗਿਆ ਅਤੇ ਸਾਰੀ ਉਮਰ ਉਹਨਾਂ ਨੂੰ ਮਿਹਨਤ ਕਰਨੀ ਪਈ ਅਤੇ ਇਹ ਮਿਹਨਤ ਉਹਨਾਂ ਦਾ ਸੁਭਾਅ ਬਣ ਗਿਆ। ਜੀਵਨ ਦੇ ਅੰਤ ਤਕ ਉਹਨਾਂ ਆਲਸ ਨੂੰ ਲਾਗੇ ਨਾ ਢੁਕਣ ਦਿਤਾ ਅਤੇ ਜੇ ੮੭-੮੮ ਸਾਲ ਦੀ ਉਮਰ ਦੇ ਅੰਤ ਵੇਲੇ ਉਹਨਾਂ ਨੂੰ ਬੀਮਾਰੀ ਮੰਜੇ ਤੇ ਰਹਿਣ ਲਈ ਮਜਬੂਰ ਨਾ ਕਰਦੀ ਤਾਂ ਉਹਨਾਂ ਆਪਣੇ ਕੰਮ ਵਾਲੇ ਹਥਿਆਰਾਂ ਦੀ ਵਰਤੋਂ ਨਹੀਂ ਸੀ ਛਡਣੀ।

ਕੰਮ ਵਲੋਂ ਉਹਨਾਂ ਦੀ ਕਾਰੀਗਰੀ ਅਤੇ ਨਿਪੁੰਨਤਾ ਦਾ ਡੰਕਾ ਵਜਦਾ ਸੀ। ਵਡੇ ਵਡੇ ਆਰਕੀਟੈਕਟ ਵੀ ਕਹਿੰਦੇ ਸਨ ਕਿ ਸੰਤ ਜੀ ਲਕੜੀ ਜ਼ਾਇਆ ਨਹੀਂ ਕਰਦੇ ਅਤੇ ਬਾਲਣ ਵਿਚੋਂ ਵੀ ਫਰਨੀਚਰ ਤਿਆਰ ਕਰ ਦਿੰਦੇ ਹਨ। ਇਮਾਰਤ ਲਕੜ ਦੇ ਕੰਮ ਅਤੇ ਫਰਨੀਚਰ ਦੋਹਾਂ ਵਿਚ ਉਹ ਨਿਪੁੰਨ ਸਨ। ਉਹ ਅੱਖ ਨਾਲ ਵੇਖ ਲੈਂਦੇ ਸਨ ਕਿ ਲਕੜ ਵਿਚ ਕੀ ਗੁਣ ਅਤੇ ਦੋਸ਼ ਹੈ। ਸਹੀ ਸਾਮਾਨ ਅਤੇ ਸਹੀ ਕਾਰੀਗਰੀ, ਲਗਨ ਅਤੇ ਸ਼ਰਧਾ ਨਾਲ ਜੋ ਵੀ ਤਿਆਰ ਕਰਦੇ ਉਹ ਸਦੀਵੀ ਹੈਸੀਅਤ ਅਖਤਿਆਰ ਕਰਦਾ। ਲੋਕ ਉਡੀਕਦੇ ਰਹਿੰਦੇ ਕਦੋਂ ਸੰਤ ਨੱਥਾ ਸਿੰਘ ਜੀ ਮਿਲਣ ਤੇ ਉਹ ਕੰਮ ਕਰਵਾਉਣ। ਭਾਪਾ ਜੀ ਨੂੰ ਆਪ ਵੀ ਪਤਾ ਨਾ ਹੁੰਦਾ ਕਿ ਕਦੋਂ ਉਹ ਵਿਹਲੇ ਹੋ ਸਕਣਗੇ। ਅਸੀਂ ਬਹੁਤ ਕਹਿਣਾ ਕਿ ਤੁਸੀਂ ਕੋਈ ਨਾ ਕੋਈ ਦਿਨ ਤਾਰੀਖ ਤਾਂ ਦੇ ਦਿਆ ਕਰੋ ਜਿਵੇਂ ਸਭ ਵਿਹਾਰੀ ਬੰਦੇ ਕਰਦੇ ਹਨ। ਉਹ ਕਹਿੰਦੇ ਐਵੇਂ ਕਹਿ ਦਿਆਂ, ਲਾਰਾ ਲਾਉਣਾ ਮਾੜੀ ਗੱਲ ਹੁੰਦੀ ਹੈ। ਮੈਂ ਖਬਰੇ ਕਦੋਂ ਵਿਹਲਾ



Sri Satguru Jagjit Singh Ji eLibrary NamdhariElibrary@gmail.com

ਹੋਣਾ ਹੈ ਅਗਲੇ ਦਾ ਨੁਕਸਾਨ ਹੋਣਾ ਹੈ ਅਤੇ ਜਦੋਂ ਲੋਕਾਂ ਨੂੰ ਸੰਤ ਜੀ ਮਿਲ ਜਾਣੇ ਤਾਂ ਉਹਨਾਂ ਨਿਸਚਿੰਤ ਹੋ ਜਾਣਾ। ਕੰਮ ਵਲੋਂ ਵੀ, ਖਰਚ ਵਲੋਂ ਵੀ ਅਤੇ ਘਰ ਵਲੋਂ ਵੀ। ਘਰ ਵਿਚ ਸਤਿਸੰਗ ਵੀ ਲਗਾ ਰਹਿਣਾ ਅਤੇ ਲੋਕਾਂ ਦਾ ਕਬਜ਼ ਰੋਗ ਵੀ ਦੂਰ ਹੋ ਜਾਣਾ। ਕਬਜ਼ ਵਾਸਤੇ ਉਹਨਾਂ ਦਾ ਅਜ਼ਮਾਇਆ ਨੁਕਸਾ ਲੰਮੇ ਗਲ ਵਾਲੀਆਂ ਪਸ਼ੌਰੀ ਹਰੜਾਂ ਦਾ ਸੇਵਨ ਸੀ। ਉਹ ਬਾਦਾਮ ਵਿਚ ਪਾਕੇ ਦੇਸੀ ਘਿਓ ਪਾ ਕੇ ਬੜੀ ਸ਼ਾਨਦਾਰ ਗਜ਼ਾ ਬਣਾ ਦਿੰਦੇ ਜੋ ਪੇਟ ਵੀ ਸਾਫ ਰਖਦੀ ਅਤੇ ਤਾਕਤ ਅਤੇ ਫੁਰਤੀ ਵੀ ਬਖਸ਼ਦੀ। ਕਈ ਵਾਰ ਉਹਨਾਂ ਬਹੁਤ ਦੇਰ ਰਾਤ ਨੂੰ ਕੰਮ ਕਰਕੇ ਆਉਣਾ। ਓਵਰ ਟਾਈਮ ਕਰਕੇ ਨਹੀਂ ਸਗੋਂ ਅਗਲੇ ਦਾ ਨੁਕਸਾਨ ਹੋਣੋਂ ਬਚਾਉਣ ਲਈ। ਅਸੀਂ ਇਤਰਾਜ਼ ਕਰਨਾ ਤਾਂ ਉਹਨਾਂ ਕਹਿਣਾ ਅਗਲੇ ਦਿਨ ਦੁਕਾਨ ਦਾ ਮਹੂਰਤ ਹੈ—ਜਾਂ ਘਰ ਵਿਚ ਵਿਆਹ ਹੈ ਇਸ ਵਾਸਤੇ ਆਹ ਕਾਰਜ ਕਰਨਾ ਬਣਦਾ ਹੀ ਸੀ। ਅਸੀਂ ਬੜਾ ਕਿਹਾ ਕਿ ਤੁਸੀਂ ਕਾਰੋਬਾਰੀ ਵਿਅਕਤੀਆਂ ਵਾਂਗ ਰਹੋ ਅਤੇ ਗਲ ਕਰਿਆ ਕਰੋ। ਉਹ ਨਹੀਂ ਮੰਨੇ। ਜਦੋਂ ਵੀ ਮੌਕਾ ਆਇਆ ਕਿ ਉਹ ਆਪ ਦੁਕਾਨਦਾਰ ਜਾਂ ਵਰਕਸ਼ਾਪ ਮਾਲਕ ਬਣ ਸਕਣ ਅਤੇ ਤਕੜੀ ਕਮਾਈ ਕਰ ਸਕਣ, ਉਹਨਾਂ ਦੀ ਤਬੀਅਤ ਨੂੰ ਰਾਸ ਨਹੀਂ ਆਇਆ।

ਉਹ ਲਕੜ ਦੀ ਫਰੜ (ਟੇਢ) ਪਛਾਣ ਲੈਂਦੇ ਸਨ। ਨਾ ਉਹ ਫਰੜੀ ਲਕੜ ਪਸੰਦ ਕਰਦੇ ਸਨ, ਨਾ ਉਹ ਫਰੜਾ ਵਿਅਕਤੀ ਅਤੇ ਨਾ ਹੀ ਫਰੜਾ ਨਿਜ਼ਾਮ। ਉਹਨਾਂ ਨੂੰ 'ਹਰਾਮ ਦੀ ਕਮਾਈ' ਤੋਂ ਸਖਤ ਨਫ਼ਰਤ ਸੀ। ਉਚਾ ਸੁੱਚਾ ਉਹਨਾਂ ਦਾ ਆਪਣਾ ਚਰਿਤ੍ਰ ਸੀ ਅਤੇ ਅਜਿਹੇ ਹੀ ਬੰਦੇ ਉਹਨਾਂ ਨੂੰ ਪਸੰਦ ਸਨ। ਉਚੇ ਚਰਿਤ੍ਰ ਦੀ ਪਛਾਣ ਤਾਂ ਬਹੁਤ ਸਾਰੇ ਲੋਕ ਕਰਦੇ ਹਨ ਪਰ ਇਹਨੂੰ ਆਪਣੇ ਜੀਵਨ ਵਿਚ ਅਮਲੀ ਰੂਪ ਦੇਣ ਤੋਂ 'ਘੌਲ' ਕਰ ਜਾਂਦੇ ਹਨ।

ਉਹਨਾਂ ਦੀ ਸੰਭਾਲ ਤੋਂ ਪਹਿਲਾਂ ਹੀ ਬਾਪ ਦਾ ਸਾਂਇਆ ਉਠ ਜਾਣ ਕਰਕੇ ਭਾਵੇਂ ਉਹਨਾਂ ਬਚਪਨ ਵਿਚ ਹੀ ਕੰਮ ਵਾਲੇ ਹਥਿਆਰ ਫੜ ਲਏ ਪਰ ਉਹਨਾ ਦਾ ਸੁਭਾਅ ਖੁਲਾ ਖੁਲਾਸਾ ਅਤੇ ਹਾਸੇ ਮਜ਼ਾਕ ਵਾਲਾ ਰਿਹਾ। ਕਿਸ਼ੋਰ ਅਵਸਥਾ ਵਿਚ ਉਹਨਾਂ ਭੰਗੜੇ ਵੀ ਬੜੇ ਪਾਏ ਅਤੇ ਵਖ-ਵਖ ਤਰ੍ਹਾਂ ਦੇ ਸਾਂਗ ਬਣ ਬਣ ਕੇ ਵੀ ਨੱਚੇ। ਸੰਗੀਤ ਉਹਨਾਂ ਅੰਦਰ ਕੁਦਰਤੀ ਸੀ। ਉਹਨਾਂ ਦੀ ਆਪਣੀ ਆਵਾਜ਼ ਬਹੁਤ ਸੁਰੀਲੀ ਸੀ ਉਹ ਭੰਗੜੇ ਵਿਚ ਸੱਦ ਵੀ ਲਾਉਂਦੇ ਰਹੇ ਅਤੇ ਢੋਲ ਦੇ ਡਗੇ ਤੇ ਪੈਰੀਂ ਘੁੰਗਰੂ ਬੰਨ੍ਹ ਕੇ ਨਚਦੇ ਵੀ ਰਹੇ। ਇਹ ਸੁਰ ਤਾਲ, ਲੈਅ ਦੀ ਖਿਚ ਉਹਨਾਂ ਨੂੰ ਕੀਰਤਨ ਵਲ ਲੈ ਗਈ ਅਤੇ ਉਹ ਨਾਮਧਾਰੀਆਂ ਦੇ ਉਘੇ ਜਥੇਦਾਰ ਬਣ ਗਏ। ਸਿਆਲਕੋਟ ਦੇ ਕਿਸੇ ਪੁਰਾਣੇ ਵਿਅਕਤੀ ਨਾਲ ਗੱਲ ਕਰੋ ਜਾਂ ਰਾਵਲਪਿੰਡੀ ਰਹਿੰਦੇ ਲੋਕਾਂ ਨਾਲ (ਜੋ ਅਜ ਕਲ ਲਗ ਪਗ ਮੁੱਕ ਰਹੇ ਹਨ) ਤਾਂ ਉਹ ਜਥੇਦਾਰ ਨੱਥਾ ਸਿੰਘ ਢੇ ਵਾਲੇ ਦਾ ਨਾਮ ਜ਼ਰੂਰ ਲਵੇਗਾ। ਇਕ ਸਾਧਾਰਨ ਵਿਅਕਤੀ, ਸਾਧਾਰਨ ਮਿਸਤਰੀਆਂ ਦੇ ਮੁੰਡੇ ਨਾਲ ਪਿੰਡ ਢੇ ਦਾ ਨਾਮ ਮਸ਼ਹੂਰ ਸੀ।

ਉਹਨਾਂ ਵਿਚ ਜਥੇਬੰਦਕ ਸ਼ਕਤੀ ਬਹੁਤ ਸੀ। ਰਾਹ ਜਾਂਦੇ ਸਾਧਾਰਨ ਬੰਦਿਆਂ ਨੂੰ ਜੋੜ ਕੇ ਜਥਾ ਬਣਾ ਲੈਂਦੇ ਸਨ। ਹੱਥਾਂ ਵਿਚ ਛੈਣੇ ਢੋਲਕਾਂ ਫੜਾ ਦੇਣੀਆ ਤੇ ਜਿਹੋ ਜਿਹਾ ਬੰਦਾ ਹੋਣਾ ਉਹਨਾਂ ਕੀਰਤਨ ਕਰਨ ਲਾ ਲੈਣਾ। ਢੇ ਪਿੰਡ ਦੇ ਕੁਲ ਜ਼ਿਮੀਦਾਰਾਂ ਤੇ ਹੋਰ ਲੋਕਾਂ ਦੇ ਮੁੰਡੇ ਸਣੇ ਮੁਸਲਮਾਨਾਂ ਦੇ ਉਹਨਾਂ ਮਗਰ ਸ਼ਬਦਾਂ ਦੀਆਂ ਧਾਰਨਾ ਪੜ੍ਹਦੇ। ਢੇ ਵਾਲਿਆਂ ਦਾ ਭੰਗੜੇ ਦਾ ਜੱਥਾ ਭੰਗੜੇ ਪਾਉਂਦਾ। ਵਿਸਾਖੀ ਵੇਖਣ ਚਿੜੀਆਂ ਦੀ ਝੰਗੀ ਜਾਂਦਾ। ਬਕਰੇ ਬੁਲਾਂਦਾ ਜਾਂਦਾ ਤੇ ਉਥੇ ਜਾ ਕੇ ਨਾਮਧਾਰੀਆਂ ਦੇ ਦੀਵਾਨ ਵਿਚ ਢੋਲਕੀ ਛੈਣੇ ਵਜਾਉਂਦਾ। ਉਹ ਆਪ ਬਹੁਤ ਸ਼ਾਨਦਾਰ ਤੇ ਜਾਨਦਾਰ ਢੋਲਕੀ ਵਜਾਉਂਦੇ ਹੋਏ ਜਦੋਂ ਭੰਗੜੇ ਦੇ ਭਾ ਤੇ ਬੋਲ ਕਢਣ ਲਗ ਪੈਂਦੇ ਤਾਂ ਸਿਆਲਕੋਟੀਆਂ ਮਸਤ ਹੋ ਜਾਣਾ ਅਤੇ ਨੱਚਣ ਲਗ ਪੈਣਾ। ਨਾਮਧਾਰੀਆਂ ਦੇ ਪੁਰਾਣੇ ਮਸ਼ਹੂਰ ਜਥੇਦਾਰ ਅਤਰ ਸਿੰਘ ਹੋਰਾਂ ਦੀਆਂ ਸਿਧੀਆ ਸਿਧੀਆਂ ਧਾਰਨਾਂ ਉਹਨਾਂ ਨੂੰ ਯਾਦ ਸਨ। ਸੁਰ ਸਾਧੀ ਹੋਈ ਅਤੇ ਉਚੀ ਪਿਚ ਵਿਚ ਭਰਵੀਂ ਆਵਾਜ਼ ਵਿਚ ਉਹਨਾਂ ਜਦੋਂ ਗਾਉਣਾ ਤਾਂ ਸਭ ਨੂੰ ਆਨੰਦ ਆਉਣਾ।

੧੯੮੩ ਵਿਚ ਐਸ.ਐਸ. ਮੀਸ਼ਾ ਜੀ ਨੇ ਰੇਡੀਓ ਤੋਂ ਇਕ ਰੂਪਕ ਪ੍ਰਸਾਰਿਤ ਕੀਤਾ "ਕੂਕ ਆਜ਼ਾਦੀ ਦੀ"। ਉਸ ਵਿਚ ਨਾਮਧਾਰੀਆਂ ਦੇ ਹੱਲੇ ਦੇ ਦੀਵਾਨ ਦੀਆਂ ਧਾਰਨਾਂ (ਨੱਠੇ ਜਾਂਦੇ ਗੋਰੇ) ਉਹਨਾਂ ਦੀਆਂ ਹੀ ਪੜ੍ਹੀਆਂ ਹੋਈਆਂ ਸਨ ਜੋ ਬਹੁਤ ਪਸੰਦ ਕੀਤੀਆਂ ਗਈਆਂ ਸਨ।

ਸੰਨ ੪੭ ਦੇ ਬਟਵਾਰੇ ਪਿਛੋਂ ਉਹ ਜਲੰਧਰ ਆ ਗਏ। ਆਉਂਦਿਆਂ ਹੀ ਉਹ ਕੰਮ ਤੇ ਲਗ ਗਏ। ਇਕ ਦਿਨ ਵੀ ਸਰਕਾਰੀ ਰੋਟੀਆਂ ਨਾ ਖਾਧੀਆਂ। ਆਪਣੇ ਪੈਰਾਂ ਨਾਲ ਚਲ ਕੇ ਆਏ ਆਪਣੇ ਪੈਰਾਂ ਤੇ ਖੜੇ ਰਹੇ। ਮੰਦਰ ਵਿਚ ਜਾ ਕੇ ਉਹਨਾਂ ਜਥਾ ਬਣਾ ਲਿਆ। ਆਪ ਹੀ ਢੋਲਕ ਵਜਾ-



Sri Satguru Jagjit Singh Ji eLibrary NamdhariElibrary@gmail.com

ਉਣੀ, ਆਪ ਹੀ ਸ਼ਬਦ ਪੜ੍ਹ ਕੇ ਕ੍ਰਿਸ਼ਨ ਲੀਲਾ ਸੁਨਾਉਣੀ। ਕਿਤੇ ਵੀ ਮੰਦਰ ਵਾਲਿਆਂ ਦਾ ਕੀਰਤਨ ਹੋਣਾ ਸੰਤ ਨੱਥਾ ਸਿੰਘ ਜੀ ਦੀ ਹਾਜ਼ਰੀ ਜ਼ਰੂਰ ਲਗਣੀ।

ਸਿੰਘ ਸਭਾ ਵਾਲੇ ਗੁਰਪੁਰਬਾਂ ਵਿਚ ਜਲੂਸ ਕਢਦੇ ਸਨ। ਉਹਨਾਂ ਜਾ ਢੋਲਕ ਵਜਾਉਣੀ ਫੇਰ ਉਹਨਾਂ ਦਾ ਹੀ ਜਥਾ ਬਣਾ ਲੈਣਾ। ਜਲੰਧਰ ਵਿਚ ਨਾਮਧਾਰੀਆਂ ਦੇ ਦੀਵਾਨ ਲਾਉਣੇ ਆਰੰਭੇ ਅਤੇ ਜਿਨ੍ਹਾਂ ਨਾਮਧਾਰੀਆਂ ਦੀ ਹੋਂਦ ਦਾ ਪਰਚਾਰ ਜਲੂਸਾਂ ਵਿਚ ਜਾ ਜਾ ਕੇ ਨਾਮਧਾਰੀ ਜੱਥੇ ਰਾਹੀਂ ਸੰਤ ਨੱਥਾ ਸਿੰਘ ਨੇ ਕੀਤਾ; ਉਨਾ ਕੰਮ ਪ੍ਰੈਸ ਵੀ ਨਹੀਂ ਕਰ ਸਕਦੀ। ਇਹਨਾਂ ਜਲੂਸਾਂ ਵਿਚ ਨਾਮਧਾਰੀ ਜਥੇ ਨੂੰ ਲੋਕ ਬਾਜ਼ਾਰਾਂ ਵਿਚ ਰੋਕ ਰੋਕ ਸੁਣਦੇ, ਗਲਾਂ ਵਿਚ ਹਾਰ ਪਾ ਪਾ ਸੁਆਗਤ ਕਰਦੇ। ਜਥੇਦਾਰ ਨੱਥਾ ਸਿੰਘ ਕਦੇ ਢੋਲਕ ਵਜਾਉਂਦੇ ਕਦੇ ਖੜਤਾਲਾਂ ਅਤੇ ਕਦੇ ਅਗੇ ਹੋ ਕੇ ਸ਼ਬਦ ਪੜ੍ਹਦੇ। ਜਲੂਸ ਤੇ ਜਾਣ ਤੋਂ ਪਹਿਲਾਂ ਅਤੇ ਬਾਅਦ ਵਿਚ ਸਾਡੇ ਘਰ ਵਿਚ ਸੰਗਤ ਜੁੜਦੀ ਅਤੇ ਜਥਾ ਤਿਆਰ ਹੁੰਦਾ।

ਜਿਵੇਂ ਉਪਰ ਵੀ ਕਿਹਾ ਗਿਆ ਹੈ ਉਹ ਪੜ੍ਹਾਈ ਤੋਂ ਵਾਂਜੇ ਰਹੇ ਪਰ ਉਹਨਾਂ ਦੇ ਅੰਦਰ ਪੜ੍ਹਾਈ ਪੁਸਤਕਾਂ ਅਤੇ ਪੜ੍ਹੇ ਲਿਖੇ ਲੋਕਾਂ ਪ੍ਰਤਿ ਬੜੀ ਕਦਰ ਸੀ। ਉਹਨਾਂ ਗੁਰਮੁਖੀ ਅੱਖਰ ਰਾਵਲਪਿੰਡੀ ਰਹਿੰਦਿਆਂ ਜੁਆਨ ਉਮਰ ਵਿਚ ਮਾਸਟਰ ਨਿਹਾਲ ਸਿੰਘ ਜੀ ਕੋਲੋਂ ਸਿਖੇ। ਇਹਨਾਂ ਦੀ ਮਦਦ ਨਾਲ ਉਹਨਾਂ ਗੁਰਬਾਨੀ ਅਤੇ ਇਤਿਹਾਸ ਵਾਰੇ ਅਤੇ ਬਹੁਤ ਸਾਰਾ ਧਾਰਮਕ ਸਾਹਿਤ ਉਹਨਾਂ ਜ਼ਬਾਨੀ ਯਾਦ ਕੀਤਾ। ਉਹਨਾਂ ਨੂੰ ਨਾ ਪੜ੍ਹ ਸਕਣ ਦਾ ਹਿਰਖ ਸੀ ਅਤੇ ਬਾਦ ਵਿਚ ਜੋ ਮਿਲਿਆ ਪੜ੍ਹਿਆ। ਮੈਨੂੰ ਧੁਰ ਬਚਪਨ ਦੀ ਯਾਦ ਹੈ ਜਦੋਂ ਉਹ ਪੁਰਾਣੇ ਢੰਗ ਨਾਲ ਫਟੀ ਉਤੇ ਅੱਖਰ ਲਿਖਿਆ ਕਰਦੇ ਸਨ। ਜਦੋਂ ਅਸੀਂ ਪੜ੍ਹਨ ਲਗੇ ਤਾਂ ਉਰਦੂ ਸਿਖਣ ਦਾ ਵੀ ਉਹਨਾਂ ਜਤਨ ਕੀਤਾ ਪਰ ਸਮਾਂ ਸਾਥ ਨਹੀਂ ਸੀ ਦੇ ਸਕਿਆ ਪਰ ਉਹਨਾਂ ਰੀਝ ਅੰਗਰੇਜ਼ੀ ਸਮੇਤ ਅੱਖਰਾਂ ਨੂੰ ਪਛਾਨਣ ਦੀ ਬਣੀ ਰਹੀ। ਉਹ ਆਪਣੀ ਰੀਝ ਨੂੰ ਪੁਤਰਾਂ ਵਿਚੋਂ ਪੂਰੀ ਹੁੰਦੀ ਵੇਖਣਾ ਚਾਹੁੰਦੇ ਸਨ ਅਤੇ ਸ਼ਾਇਦ ਏਹੀ ਕਾਰਨ ਸੀ ਕਿ ਜਦੋਂ ਸਾਡੀ ਬਰਾਦਰੀ ਦੇ ਆਮ ਲੋਕ ਆਪਣੇ ਪੁਤਰਾਂ ਦੇ ਬਚਪਨ ਵਿਚ ਹੀ ਉਹਨਾਂ ਨੂੰ ਦਿਹਾੜੀਆਂ ਤੇ ਲਾ ਕੇ ਆਪ ਸੌਖਾ ਹੋਣਾ ਲੋਚਦੇ ਸਨ, ਉਹ ਆਪ ਔਖਿਆਂ ਹੋ ਕੇ ਔਲਾਦ (ਦੋ ਪੁੱਤਰ ਇਕ ਪੁੱਤਰੀ) ਨੂੰ ਪੜ੍ਹਾਉਂਦੇ ਰਹੇ। ਉਹਨਾਂ ਦੀ ਰੀਝ ਸੀ ਕਿ ਮੇਰਾ ਪੁਤਰ ਸਟੇਜ ਤੇ ਬੋਲਦਾ ਹੋਵੇ ਪੜ੍ਹਿਆ ਲਿਖਿਆ ਹੋਵੇ।

ਅਸੀਂ ਉਹਨਾਂ ਦੀ ਔਲਾਦ ਉਹਨਾਂ ਵਲੋਂ ਮਿਲੇ ਅਥਾਹ ਪਿਆਰ ਨਾਲ ਤਾਂ ਲਬਾਲਬ ਹਾਂ ਪਰ ਇਸ ਪਿਆਰ ਦੇ ਕਾਰਨ ਸ਼ਾਇਦ ਅਸੀਂ ਉਹਨਾਂ ਦੀ ਸ਼ਖਸੀਅਤ ਦੀ ਪੂਰੀ ਥਾਹ ਨਹੀਂ ਪਾ ਸਕੇ। ਲੋਕਾਂ ਵਿਚ ਉਹਨਾਂ ਦੀ ਜੋ ਕਦਰ ਸੀ ਉਸਦਾ ਘੇਰਾ ਬਹੁਤ ਵਿਸ਼ਾਲ ਹੈ।

ਜਿਸ ਦਿਨ ੩੦ ਜਨਵਰੀ ੧੯੯੮ ਨੂੰ ਉਹਨਾਂ ਨਮਿਤ ਭੋਗ ਪਿਆ ਤਾਂ ਬਹੁਤ ਭਾਰੀ ਮੇਲਾ ਹੋਇਆ। ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਦਰਸ਼ਨ ਦਿਤੇ। ਸਮਾਜ ਦੀਆਂ ਚੋਟੀ ਦੀਆਂ ਹਸਤੀਆਂ ਵੀ ਪਧਾਰੀਆਂ। ਸ਼ਾਮ ਨੂੰ ਸਾਡੇ ਇਕ ਅਜ਼ੀਜ਼ ਰਿਸ਼ਤੇਦਾਰ ਆਏ ਤੇ ਉਹਨਾਂ ਬਹੁਤ ਭਾਰੀ ਗਿਲਾ ਕੀਤਾ ਕਿ ਸੰਤਾਂ ਬਾਰੇ ਕੋਈ ਗਲ ਨਹੀਂ ਕਹੀ ਗਈ। ਸਭ ਨੇ ਸਮਝਾਇਆ ਕਿ ਬਹੁਤ ਭਾਰੀ ਮੇਲਾ ਉਹਨਾਂ ਨਮਿਤ ਹੋਇਆ ਹੈ। ਮੈਂ ਮੰਨ ਗਿਆ ਕਿ ਸਹੀ ਤੌਰ ਤੇ ਉਹਨਾਂ ਬਾਰੇ ਹੋਰ ਗਲਾਂ ਹੋਣੀਆਂ ਚਾਹੀਦੀਆਂ ਸਨ। ਇਹਨਾਂ ਸਜਣਾਂ ਦਾ ਕਥਨ ਸੀ ਕਿ ਜਲੰਧਰ ਵਿਚ ਦੋ ਹਸਤੀਆਂ ਹੋਈਆਂ ਹਨ। ਇਕ ਸ. ਅਮਰ ਸਿੰਘ ਸੰਤ ਇੰਜੀਨੀਅਰਿੰਗ ਵਰਕਸ ਵਾਲੇ ਅਤੇ ਇਕ ਸੰਤ ਨੱਥਾ ਸਿੰਘ ਜਿਹਨਾਂ ਦੀ ਅਵਸਥਾ ਬਹੁਤ ਉੱਚੀ ਸੀ ਅਤੇ ਜੋ ਉਹ ਕਹਿੰਦੇ ਸਨ ਪੂਰਾ ਹੁੰਦਾ ਸੀ। ਇਹ ਦੋਵੇਂ ਹਸਤੀਆਂ ਪੂਰਨ ਸੰਤ ਸਨ। ਗੁਰਬਾਨੀ ਵਿਚ ਵੀ ਇਹ ਹੀ ਲਿਖਿਆ ਹੈ ਕਿ ਜੋ ਸਵਾਸ ਗਰਾਸ ਰੱਬ ਨੂੰ ਯਾਦ ਕਰਦਾ ਹੈ, ਜੋ ਨੇਕ ਕਮਾਈ ਕਰਦਾ ਹੈ, ਜੋ ਕਿਸੇ ਦੀ ਬੁਰਾਈ ਨਹੀਂ ਸੋਚਦਾ। ਸਭਨਾਂ ਦਾ ਭਲਾ ਮਨਾਉਂਦਾ ਹੈ ਅਸਲ ਵਿਚ ਉਹ ਸੰਤ ਹੈ। ਕਪੜਿਆਂ ਦੇ ਡੀਜ਼ਾਈਨ ਜਾਂ ਕਿਸੇ ਖਾਸ ਰੰਗ ਨੂੰ ਪਹਿਨਣ ਵਾਲਾ ਸੰਤ ਨਹੀਂ ਹੁੰਦਾ। ਉਹ ਹਥੀਂ ਕਿਰਤ ਕਰਕੇ ਪਰਿਵਾਰ ਵੀ ਪਾਲਦੇ ਅਤੇ ਦਾਨ ਪੁੰਨ ਵੀ ਕਰਦੇ। ਘਰ ਆਏ ਸਾਧ ਦੀ ਸੇਵਾ ਵੀ ਕਰਦੇ। ਵਕਤ ਕਢ ਕੇ ਸੰਗਤ ਵਿਚ ਜਾਂਦੇ। ਕੀਰਤਨ ਕਰਦੇ ਸੁਣਦੇ। ਕੋਈ ਬਜ਼ੁਰਗ ਮਾਈ ਭਾਈ ਚੜ੍ਹਾਈ ਕਰ ਜਾਵੇ ਉਹ ਸਰਦਾ ਪੁਜਦਾ ਜਥਾ ਲੈਕੇ ਪੁਜਦੇ ਅਤੇ ਕੀਰਤਨ ਕਰਦੇ ਸ਼ਮਸ਼ਾਨ ਘਾਟ ਲੈ ਜਾਂਦੇ।

ਮੈਨੂੰ ਯਾਦ ਆਈ ਅਜ ਕਲ ਜਲੰਧਰ ਦੇ ਨਾਮਧਾਰੀ ਸੂਬਾ ਸੰਤ ਜੁਗਿੰਦਰ ਸਿੰਘ ਸੀ ਦੀ ਮਾਤਾ ਦੀ ਗਲ। ਜਿਸ ਵੇਲੇ ਮੇਰੇ ਘਰ ਭਤੀਜਾ ਹੋਇਆ, ਉਹ ਸਾਡੇ ਘਰ ਵਿਚ ਇਕੋ ਇਕ ਪੁਤਰ ਸੀ। ਉਸ ਦੀ ਖੁਸ਼ੀ ਵਿਚ ਅਸੀਂ ਸਮਾਗਮ



Sri Satguru Jagjit Singh Ji eLibrary NamdhariElibrary@gmail.com

ਵੀ ਕੀਤਾ । ਜਦੋਂ ਅਸੀਂ ਸੱਦਾ ਦੇਣ ਗਏ ਤਾਂ ਸੂਬਾ ਜੀ ਦੀ ਮਾਤਾ ਜੀ ਕਹਿਣ ਲਗੇ ਤੁਹਾਨੂੰ ਤਾਂ ਪਤਾ ਹੀ ਨਹੀਂ ਵਰ ਦੇਣ ਵਾਲੇ ਤਾਂ ਤੁਹਾਡੇ ਘਰ ਵਿਚ ਹੀ ਹਨ । ਫੇਰ ਉਹਨਾਂ ਸਾਡੇ ਪਿਤਾ ਜੀ ਬਾਰੇ ਦਸਿਆ ਕਿ ਮੇਰੇ ਘਰ ਸਾਰੇ ਪੁਤਰ ਸੰਤਾਂ ਦੇ ਵਰ ਨਾਲ ਹੀ ਹੋਏ ਹਨ । ਅਸੀਂ ਹੈਰਾਨ ਹੋ ਕੇ ਪੁੱਛਿਆ ਕਿ ਇਹ ਗੱਲ ਕਿਵੇਂ ਹੋਈ ਤਾਂ ਮਾਤਾ ਜੀ ਕਹਿਣ ਲਗੇ । ਜਦੋਂ ਮੇਰੇ ਘਰ ਪਹਿਲਾ ਪੁੱਤਰ ਸੇਵਾ ਸਿੰਘ ਹੋਇਆ ਤਾਂ ਅਸੀਂ ਘਰ ਦੀਵਾਨ ਲਵਾਇਆ । ਸੰਤ ਨੱਥਾ ਸਿੰਘ ਕਹਿਣ ਲਗੇ ਇਵੇਂ ਮੁੰਡੇ ਹੁੰਦੇ ਰਹਿਣ ਤੇ ਦੀਵਾਨ ਲਗਦੇ ਰਹਿਣ । ਮਾਤਾ ਜੀ ਦੇ ਸੱਤ ਸਪੁਤਰ ਇਸ ਵੇਲ਼ੇ ਖੁਸ਼ਹਾਲ ਜੀਵਨ ਬਤੀਤ ਕਰ ਰਹੇ ਹਨ ।

ਅਪਣੇ ਅੰਤਮ ਦਿਨਾਂ ਵਿਚ ਉਹ ਸੇਜਾਸਣੀ ਹੋ ਗਏ ਸਨ । ਬਿਸਤਰ ਤੇ ਹੀ ਰਹੇ । ਤਕਲੀਫ ਤਾਂ ਸੀ ਪਰ ਜ਼ਰਾ ਉਜ਼ਰ ਨਹੀਂ ਕੀਤੀ । ਕੋਈ ਹਾਲ ਪਾਹਰਿਆ ਉਹਨਾਂ ਨਹੀਂ ਪਾਈ । ਜ਼ਿੰਦਗੀ ਵਿਚ ਕਦੀਂ ਸ਼ਿਕਾਇਤੀ ਲਹਿਜਾ ਨਹੀਂ ਸੀ ਅਪਣਾਇਆ । ਲੋਕ, ਦੋਸਤਾਂ ਮਿਤਰਾਂ, ਰਿਸ਼ਤੇਦਾਰਾਂ ਅਤੇ ਇਥੋਂ ਤਕ ਕਿ ਅਪਣੇ ਗੁਰੂਆਂ ਵਡੇ ਵਡੇਰਿਆਂ ਬਾਰੇ ਵੀ ਸ਼ਕਾਇਤਾਂ ਕਰਦੇ ਰਹਿੰਦੇ ਹਨ । ਉਹਨਾਂ ਕਦੀ ਦੱਬੀ ਜ਼ਬਾਨ ਵਿਚ ਵੀ ਕਿਸੇ ਦੇ ਵਿਰੁਧ ਸ਼ਿਕਵਾ ਨਹੀਂ ਸੀ ਕੀਤਾ । ਉਂਞ ਉਹਨਾਂ ਵਿਚ ਚੰਗੇ ਮਾੜੇ ਦੀ ਪਛਾਣ ਕਰਨ ਦੀ ਯੋਗਤਾ ਸੀ ਪਰ ਉਹ ਕਮਾਲ ਦੇ ਖਿਮਾਸ਼ੀਲ ਸਨ ।

ਖਿਮਾ ਸ਼ੀਲ ਉਹ ਏਨੇ ਸਨ ਕਿ ਸਾਨੂੰ ਉਹਨਾਂ ਨਹੀਂ ਸੀ ਪੁਛਿਆ ਭਈ ਤੁਸਾਂ ਪੈਸਾ ਕਿਥੇ ਰੋਹੜਿਆ ਏ ਤੇ ਕਿਉਂ ਗਵਾਇਆਂ ਏ । ਜ਼ਿੰਦਗੀ ਵਿਚ ਇਕ ਕੰਮ ਛੱਡ ਦੂਜਾ ਸ਼ੁਰੂ ਕਰਦਿਆ ਉਹਨਾਂ ਦੀ ਬਖਸ਼ੀ ਸਾਰੀ ਪੂੰਜੀ ਅਸਾਂ ਰੋਹੜ ਦਿਤੀ । ਉਹਨਾਂ ਨਹੀਂ ਟੋਕਿਆ । ਨਾ ਗੁੱਸੇ ਹੋਏ ।

'ਵਰਿਆਮ' ਪਰਚੇ ਹੀ ਹੋਂਦ ਅਤੇ ਜੀਵਨ ਪੰਧ ਵਿਚ ਉਹਨਾਂ ਦਾ ਉਘਾ ਯੋਗਦਾਨ ਰਿਹਾ ਹੈ । ਜੇ ਉਹ ਇਕ ਵਾਰ ਵੀ ਕਹਿ ਦਿੰਦੇ ਕਿ ਕਾਕਾ ਤੁਸੀਂ ਜਵਾਨ ਹੋ ਗਏ ਹੋ । ਅਪਣਾ ਕਮਾਓ, ਖਾਓ ਤੇ ਟੱਬਰ ਪਾਲੋ ਅਤੇ ਸਾਡੀ ਵੀ ਸੇਵਾ ਕਰੋ । ਮੈਂ ਹੁਣ ਬੁੱਢਾ ਹੋਇਆ ਤੁਹਾਨੂੰ ਨਹੀਂ ਪਾਲ ਸਕਦਾ ਤਾਂ ਕਿਥੇ ਵਰਿਆਮ ਤੇ ਕਿਥੇ ਕੁਝ ਹੋਰ ਹੋਣਾ ਸੀ । ਉਹਨਾਂ ਸਾਨੂੰ ਸਣਟਬਰਿਆਂ ਨੂੰ ਰੋਟੀਆਂ ਵੀ ਦਿਤੀਆਂ, ਕਪੜੇ ਵੀ ਦਿਤੇ ਸਿਰ ਉਤੇ ਛੱਤ ਵੀ ਬਖਸ਼ੀ ਤੇ ਚੂੰ ਵੀ ਨਹੀਂ ਕੀਤੀ । ਅਸੀਂ ਦੁੜੰਗੇ ਮਾਰਦੇ ਰਹੇ । ਕਦੇ ਹਾਕੀ ਫੁਟਬਾਲ ਖੇਡਦੇ ਰਹੇ, ਕਦੇ ਸੰਗੀਤ ਸਿਖਦੇ ਰਹੇ, ਕਦੇ ਸਮਾਗਮਾਂ ਤੇ ਜਾਂਦੇ ਅਤੇ ਸੈਰਾਂ ਕਰਦੇ ਰਹੇ । ਘਰੋਂ ਲਟਾ ਪਲਾਣਾ ਛੱਡ ਚਲੇ ਜਾਂਦੇ ਰਹੇ ਬਾਹਰਲੇ ਦੇਸ਼ਾਂ ਨੂੰ ਵੀ, ਉਹ ਘਰ ਸਾਂਭਦੇ ਰਹੇ ।

ਅਸੀਂ ਵਡਭਾਗੀ ਹਾਂ ਜੋ ਐਸੇ ਮਹਾਨ ਪਿਤਾ ਦਾ ਸਾਇਆ ਸਾਡੇ ਸਿਰ ਤੇ ਕਾਇਮ ਰਿਹਾ ਅਤੇ ਹੁਣ ਉਹਨਾਂ ਦੀ ਆਸ਼ੀਰਵਾਦ ਦਾ ਵੀ ਸਹਾਰਾ ਹੈ ।

ਆਪਣੇ ਪਿਤਾ ਸ੍ਰੀ ਦੀ ਯਾਦ ਵਿਚ ਲੋਕਾਂ ਨੇ ਬੜਾ ਕੁਝ ਕੀਤਾ ਹੈ । ਇਮਾਰਤਾਂ ਬਣਵਾਈਆਂ, ਹਸਪਤਾਲ ਖੜੇ ਕੀਤੇ, ਗੁਰਦਵਾਰਿਆਂ ਨੂੰ ਦਾਨ ਪੁੰਨ ਕੀਤੇ, ਪੁਸਤਕਾਂ ਛਾਪੀਆਂ ਅਤੇ ਅਖਬਾਰਾਂ ਦੇ ਐਡੀਸ਼ਨ ਕਢਵਾਏ ਹਨ । ਅਸੀਂ ਗਰੀਬ ਨਿਮਾਣੇ ਅਪਣੇ ਪਿਤਾ ਦੀ ਯਾਦ ਵਿਚ ਕੋਈ ਥੰਮ ਖੜਾ ਨਹੀਂ ਕਰ ਸਕਦੇ । ਆਹ ਚਾਰ ਸਤਰਾਂ ਹੀ ਹਨ ਜੋ ਅਸੀਂ ਅਰਪਿਤ ਕਰ ਸਕਦੇ ਹਾਂ ।

—ਜਗਦੀਸ਼ ਸਿੰਘ

# ਧੰਨਵਾਦ !

ਸਾਡੇ ਪਿਤਾ ਜੀ ਜਥੇਦਾਰ ਨੱਥਾ ਸਿੰਘ ਜੀ ਦੇ ਪ੍ਰਲੋਕ ਸਿਧਾਰਨ ਦੇ ਸਮੇਂ ਅਨਗਿਣਤ ਸਜਨਾਂ, ਜਿਨ੍ਹਾਂ ਵਿਚ ਸਮਾਜ ਦੇ ਹਰ ਵਰਗ ਦੀਆਂ ਸਿਖਰ ਦੀਆਂ ਸ਼ਖਸੀਅਤਾਂ ਵੀ ਸ਼ਾਮਲ ਸਨ, ਸਾਡੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ । ਭਾਰੀ ਗਿਣਤੀ ਵਿਚ ਉਹ ਅੰਤਿਮ ਯਾਤਰਾ ਅਤੇ ਅੰਤਿਮ ਅਰਦਾਸ ਵਿਚ ਸ਼ਾਮਲ ਹੋਏ ਅਤੇ ਅਨਗਿਣਤ ਚਿੱਠੀਆਂ ਅਤੇ ਤਾਰਾਂ ਰਾਹੀਂ ਵੀ ਉਹਨਾਂ ਸਾਡੇ ਨਾਲ ਦੁੱਖ ਸਾਂਝਾ ਕੀਤਾ ਹੈ । ਜ਼ਾਤੀ ਮੁਲਾਕਾਤਾਂ, ਜ਼ਬਾਨੀ ਸੁਨੇਹਿਆਂ ਅਤੇ ਟੈਲੀਫੋਨਾਂ ਰਾਹੀਂ ਵੀ ਸੰਵੇਦਨਾ ਪ੍ਰਗਟ ਕੀਤੀ ਹੈ ਅਤੇ ਕਰੀ ਜਾ ਰਹੇ ਹਨ । ਅਸੀਂ ਸਮੂਹ ਸਨੇਹੀਆਂ, ਦੋਸਤਾਂ ਮਿੱਤਰਾਂ, ਰਿਸ਼ਤੇਦਾਰਾਂ ਅਤੇ ਸੰਤਾਂ ਦੇ ਸ਼ਰਧਾਲੂਆਂ ਦੇ ਪਿਆਰ ਨੂੰ ਪ੍ਰਵਾਨ ਕਰਦੇ ਹੋਏ ਧੰਨਵਾਦ ਕਰਦੇ ਹਾਂ ।

—ਜਗਦੀਸ਼ ਸਿੰਘ, ਸੰਪਾਦਕ 'ਵਰਿਆਮ'

—ਨਰੈਣ ਸਿੰਘ, 'ਬੈਂਕ ਆਫ ਬੜੌਦਾ' ਅਤੇ ਸਮੂਹ ਪਰਿਵਾਰ



Sri Satguru Jagjit Singh Ji eLibrary NamdhariElibrary@gmail.com

# ਮਹਾਨ ਇਨਸਾਨ—ਸੰਤ ਨੱਥਾ ਸਿੰਘ

—ਗੁਰਦੇਵ ਸਿੰਘ ਹੰਜਰਾ

ਦੁਨੀਆਂ ਵਿਚ ਕਈ ਪ੍ਰਕਾਰ ਦੇ ਮਹਾਨ ਵਿਅਕਤੀ ਆਉਂਦੇ ਨੇ ਤੇ ਉਹਨਾਂ ਦੀਆਂ ਯਾਦਾਂ ਸਦਾ ਸੰਸਾਰ ਵਿਚ ਰਹਿੰਦੀਆਂ ਨੇ—ਕੋਈ ਯੋਧਾ, ਕੋਈ ਤਪੱਸਵੀ, ਕੋਈ ਮਹਾਨ ਭਗਤ ਤੇ ਕੋਈ ਦੇਸ਼ ਭਗਤ। ਏਸੇ ਤਰ੍ਹਾਂ ਹੀ ਵੀਹਵੀਂ ਸਦੀ ਵਿਚ ਸੰਤ ਨੱਥਾ ਸਿੰਘ ਜੀ ਨਾਮਧਾਰੀ ਸੰਸਥਾ ਦੇ ਜਥੇਦਾਰ 'ਮਹਾਨ ਇਨਸਾਨ' ਪਿੰਡ ਢੇਹ, ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿਚ ਮਾਤਾ ਮਾਲਾਂ ਜੀ ਪਿਤਾ ਜਵਾਲਾ ਸਿੰਘ ਜੀ ਦੇ ਗ੍ਰਿਹਿ ਵਿਖੇ ਪੈਦਾ ਹੋਏ ਤੇ ੮੭ ਸਾਲ ਦੀ ਆਯੂ ਭੋਗ ਕੇ ਜਲੰਧਰ ਸ਼ਹਿਰ ਵਿਚ ਮਿਤੀ ੧੬-੧-੯੮ ਨੂੰ ਸਵਰਗ ਸਿਧਾਰ ਗਏ!

ਪਾਕਿਸਤਾਨ ਵਿਚ ਮੈਂ ਜਦੋਂ ਤੋਂ ਹੋਸ਼ ਸੰਭਾਲੀ, ਉਹਨਾਂ ਦੇ ਸੰਪਰਕ ਵਿਚ ਹੀ ਰਿਹਾ ਤੇ ਉਹਨਾਂ ਨੂੰ ਮੈਂ ਬਹੁਤ ਨੇੜੇ ਤੋਂ ਤੱਕਿਆ। ਉਹਨਾਂ ਦਾ ਚਿਹਰਾ ਸਦਾ ਹੀ ਹੱਸੂੰ ਹੱਸੂੰ ਕਰਦਾ ਤੇ ਹਰ ਵੇਲੇ ਖੁਸ਼, ਮਜ਼ਾਕੀਆ ਸੁਭਾਅ, ਗੱਲ ਪਿਆਰ ਨਾਲ ਕਰਨੀ ਤੇ ਸਾਰਿਆਂ ਦਾ ਦਿਲ ਮੋਹ ਲੈਂਦੇ ਸਨ। ਬਹੁਤ ਚਿਰ ਰਾਵਲਪਿੰਡੀ ਰਹੇ। ਜਦੋਂ ਪਿੰਡ ਆਉਣਾ ਤਾਂ ਨੌਜਵਾਨ ਮੁੰਡਿਆਂ ਨੂੰ ਸਵੇਰੇ ਸਵੇਰੇ ਆਪਣੀ ਹਵੇਲੀ ਵਿਚ ਇਕੱਠਿਆਂ ਕਰਕੇ ਤੇਲ ਮਾਲਿਸ਼, ਡੰਡ-ਬੈਠਕਾਂ ਗੱਤਕਾਬਾਜ਼ੀ ਰੋਜ਼ ਕਰਵਾਉਣੀ। ਦੁਪਹਿਰੇ ਬਰਨਿਆਂ ਦੀ ਛਾਵੇਂ ਗੁਰਦਵਾਰੇ ਕੋਲ ਸਿਆਨਿਆਂ ਨਾਲ ਗੱਲਾਂਬਾਤਾਂ ਕਰਨੀਆਂ। ਰਾਤ ਨੂੰ ਗੁਰਦਵਾਰੇ ਵਿਚ ਦੀਵਾਨ ਲਗਾਉਣੇ। ਪਿੰਡ ਦੇ ਤਕਰੀਬਨ ਸਾਰੇ ਸਿੱਖ ਮੁੰਡਿਆਂ ਨੂੰ ਹੱਲੇ ਦੇ ਸ਼ਬਦ ਪੜ੍ਹਨੇ ਤੇ ਸਾਜ਼ ਵਜਾਉਣੇ ਸਿਖਾ ਦਿਤੇ। ਆਪ ਖੜਤਾਲਾਂ ਫੜਕੇ ਖਲੋ ਕੇ ਸ਼ਬਦ ਪੜ੍ਹਕੇ ਏਨਾ ਠੱਠ ਬੰਨ੍ਹਦੇ ਕਿ ਪੁਛੋ ਈ ਨਾ! ਅੱਧੀ ਅੱਧੀ ਰਾਤ ਤਕ ਦੀਵਾਨ ਚਲਦੇ।

ਉਹਨਾਂ ਦਾ ਸਦਕਾ ਹੀ ਪਿੰਡ ਵਾਸੀਆਂ ਤੇ ਆਲੇ-ਦੁਆਲੇ ਦੀਆਂ ਸੰਗਤਾਂ ਨੇ ਮਹਾਰਾਜ ਪ੍ਰਤਾਪ ਸਿੰਘ ਜੀ ਦੇ ਕਈ ਵਾਰ ਦਰਸ਼ਨ ਕੀਤੇ। ਉਹਨਾਂ ਕਰਕੇ ਈ ਸੰਤ ਈਸ਼ਰ ਸਿੰਘ ਜੀ, ਸੰਤ ਅਤਰ ਸਿੰਘ ਜੀ, ਅਤੇ ਹੋਰ ਕਈ ਮਹਾਂਪੁਰਸ਼ਾਂ ਦੇ ਦੀਦਾਰ ਤੇ ਦੀਵਾਨ ਸੁਣਨ ਨੂੰ ਮਿਲਦੇ ਰਹੇ।

ਜਲੰਧਰ ਵਿਚ ਵੀ ਜਦੋਂ ਨਗਰ ਕੀਰਤਨ ਸ਼ਹਿਰ ਵਿਚ ਜਾਂ ਛਾਉਣੀ ਵਿਚ ਨਿਕਲਦਾ ਏਹਨਾਂ ਦਾ ਜਥਾ ਪੈਦਲ, ਰਿਕਸ਼ੇ ਤੇ ਸਪੀਕਰ ਭੇ ਆਪ ਮੋਹਰੇ ਤੇ ਪਿੱਛੇ ਜੱਥਾ ਹੁੰਦਾ। ਨਜ਼ਾਰਾ ਆ ਜਾਂਦਾ ਸੀ ਵੇਖਣ ਸੁਣਨ ਵਾਲਿਆਂ ਨੂੰ। ਆਪਣੀ ਜ਼ਿੰਦਗੀ ਵਿਚ ਉਹਨਾਂ ਕਿੰਨੇ ਦੀਵਾਨ ਲਾਏ ਤੇ ਕਿੰਨੇ ਸਿੱਖ ਬਾਣੀ ਨਾਲ ਜੋੜੇ ਗਿਣਤੀ ਨਹੀਂ ਹੋ ਸਕਦੀ।

ਪਿੰਡ ਢੇਹ ਵਿਚ ਕਈ ਵਾਰ ਬੱਚਿਆਂ (ਮੁੰਡੇ ਕੁੜੀਆਂ) ਨਾਲ ਗਲ ਵਿਚ ਢੋਲਕੀ ਪਾਕੇ ਲੋਹੜੀ ਮੰਗਣ ਤੁਰ ਪੈਂਦੇ। ਜ਼ਨਾਨੀਆਂ ਅਤੇ ਬੱਚੇ ਬਹੁਤ ਖੁਸ਼ ਹੁੰਦੇ। ਉਹਨਾਂ ਦਾ ਮਜ਼ਾਕ ਵੀ ਉਸਾਰੂ ਢੰਗ ਦਾ ਹੁੰਦਾ ਸੀ।

ਸੰਤ ਨੱਥਾ ਸਿੰਘ ਜੀ ਆਪਣੇ ਕਾਰੀਗਰੀ ਦੇ ਕੰਮ ਵਿਚ ਨਿਪੁੰਨ, ਭਗਤੀ ਵਿਚ ਪੂਰੇ ਸੰਤ, ਸਰੀਰਕ ਤੌਰ ਤੇ ਰਿਸ਼ਟ-ਪੁਸ਼ਟ ਤੇ ਸਫਲ ਗ੍ਰਿਹਸਤੀ ਸਨ। ਉਹਨਾਂ ਦੇ ਵੱਡੇ ਸਪੁਤਰ ਸ. ਜਗਦੀਸ਼ ਸਿੰਘ (ਸੰਪਾਦਕ ਵਰਿਆਮ) ਨੂੰ ਕੌਣ ਨਹੀਂ ਜਾਣਦਾ ਅਤੇ ਛੋਟੇ ਸਪੁਤਰ ਬੈਂਕ ਵਿਚ ਹਨ। ਏਹੋ ਜਿਹੀਆਂ ਰੂਹਾਂ ਦੁਨੀਆਂ ਵਿਚ ਬਹੁਤ ਘਟ ਆਉਂਦੀਆਂ ਹਨ। ਉਹ ਇਕ 'ਮਹਾਨ ਇਨਸਾਨ' ਸਨ।

ਪ੍ਰਮਾਤਮਾ ਉਹਨਾਂ ਨੂੰ ਮੁਕਤੀ ਬਖਸ਼ੇ !!

---

## ਬਾਪੂ ਜੀ !

(ਸੰਪਾਦਕ ਵਰਿਆਮ ਦੇ ਪਿਤਾ ਜੀ ਦੀ ਯਾਦ ਵਿਚ)

—ਹਰਭਜਨ ਸਿੰਘ ਬਾਜਵਾ

ਜਿਸ ਬਾਪੂ ਜੀ ਦਾ ਮੈਂ ਨਾਮ ਨਹੀਂ ਸੀ ਜਾਣਦਾ
ਉਹ ਬਾਪੂ ਜੀ ਇਸ ਸੰਸਾਰ ਵਿਚ ਨਹੀਂ ਰਿਹਾ !
ਉਸ 'ਤੇ ਸਤਿਗੁਰ ਰਾਮ ਸਿੰਘ, ਸਤਿਗੁਰ ਪ੍ਰਤਾਪ ਸਿੰਘ,
ਸਤਿਗੁਰੂ ਜਗਜੀਤ ਸਿੰਘ ਜੀ ਦੀ ਮੇਹਰ ਸੀ।
ਉਸ ਦੀ ਬੋਲਣੀ ਗੁੜ ਨਾਲੋਂ ਵੀ ਮਿੱਠੀ ਸੀ
ਉਸ ਮਿਠਾਸ ਦਾ ਮੈਂ ਕਈ ਵਾਰ ਸੁਆਦ ਵੇਖਿਆ ਸੀ !
ਬਾਪੂ ਜੀ, ਇਕ ਚੰਦਨ ਦਾ ਰੁੱਖ ਸੀ
ਜੇਹੜਾ ਚਾਰ-ਚੁਫੇਰੇ ਖ਼ੁਸ਼ਬੂਆਂ ਵੰਡਦਾ ਸੀ।
ਜਿਸ ਦੀ ਮਹਿਕ ਜੱਗ ਵਿਚ ਜਿਉਂਦੀ ਰਵ੍ਹੇਗੀ।
ਬਾਪੂ ਜੀ, ਸਿਮਰਨ ਦੀ ਗੱਲ ਕਰਦਾ ਸੀ
ਮਾਲਾ ਨੂੰ ਹੱਥ ਵਿਚ ਰੱਖਦਾ ਸੀ।
ਬਾਪੂ ਜੀ, ਬੱਚਿਆਂ ਨਾਲ ਖੇਡਦਾ ਸੀ
ਬੱਚਿਆਂ ਦੀਆਂ ਮੁਸਕ੍ਰਾਹਟਾਂ ਵੇਖਕੇ ਹੱਸਦਾ ਸੀ।
ਬਾਪੂ ਜੀ, ਦੇਵਤਾ ਲਗਦਾ ਸੀ
ਉਹ ਦੇਵਤਾ ਹੁਣ ਕਿਥੋਂ ਵੇਖਾਂਗਾ !
ਕਿਸ ਨਾਲ ਮਨ ਦੀ ਗੱਲ ਕਰਾਂ।
ਹੁਣ ਤਾਂ ਮੌਤ ਦਾ ਜਬਰ ਜਰਾਂਗਾ
ਬੀਤੇ ਦੀਆਂ ਗੱਲਾਂ, ਹੁਣ ਬਾਪੂ ਨਾਲ ਕਿਥੋਂ ਕਰਾਂਗਾ !



Sri Satguru Jagjit Singh Ji eLibrary NamdhariElibrary@gmail.com

# ਅਟਲ ਪ੍ਰਤਾਪੀ ਦੀ ਮਿਹਰ

—ਸੰਤ ਏਕਮ ਸਿੰਘ ਸੋਂਦ

(ਸਾਬਕਾ ਪ੍ਰਧਾਨ ਨਾਮਧਾਰੀ ਸੰਗਤ ਮਿਡਲੈਂਡ)

ਮੇਰਾ ਜਨਮ ਪਿੰਡ ਛੋਟੀ ਲਹਿਲੀ ਜਿਲਾ ਹੋਸ਼ਿਆਰਪੁਰ ਵਿਖੇ ੩ ਜਨਵਰੀ ੧੯੦੮ ਈ: ਨੂੰ ਹੋਇਆ। ਮੇਰੇ ਪਿਤਾ ਜੀ ਸ਼ਿਮਲੇ ਕੌਂਸਲ ਵਿਚ ਮਿਸਤਰੀ ਸਨ। ਮੈਂ ਆਪਣੀ ਮੁਢਲੀ ਵਿਦਿਆ ਸੰਤ ਨਰੈਣ ਸਿੰਘ ਜੀ ਨਿਰਮਲੇ ਸੰਤਾਂ ਕੋਲੋਂ ਪਰਾਪਤ ਕੀਤੀ। ਜਿਨ੍ਹਾਂ ਨੇ ਮੈਨੂੰ ਗੁਰਮੁਖੀ, ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਆਦਿ ਦੀ ਸੰਥਿਆ ਬੜੀ ਰੀਝ ਨਾਲ ਪੜ੍ਹਾਈ। ਉਨ੍ਹਾਂ ਦੀ ਇਸ ਦੇਣ ਦਾ ਮੈਂ ਸਦਾ ਹੀ ਰਿਣੀ ਹਾਂ। ਇਸ ਤੋਂ ਬਾਦ ਸਿੰਘਪੁਰ ਵਿਖੇ ਪਰਾਈਮਰੀ ਸਕੂਲ ਵਿਚ ਦਾਖਲਾ ਲਿਆ ਅਤੇ ਵਿਦਿਆ ਪਰਾਪਤ ਕੀਤੀ, ਜਿਸ ਤੋਂ ਬਾਦ ਕੁਝ ਚਿਰ ਖਾਲਸਾ ਕਾਲਜ ਮਾਹਿਲਪੁਰ ਵਿਖੇ ਬਾਕੀ ਵਿਦਿਆ ਲਈ। ਜਵਾਨੀ ਵਿਚ ਪੈਰ ਧਰਦਿਆਂ ਹੀ ਘਰੋਗੀ ਗੱਲਾਂ ਵਲ ਖਿਆਲ ਹੋਇਆ ਅਤੇ ਮੈਂ ਆਪਣੇ ਪਿਤਾ ਜੀ ਕੋਲ ਸ਼ਿਮਲੇ ਪਹੁੰਚ ਗਿਆ ਜਿਥੇ ਮੈਂ ਕੁਝ ਕੁ ਵਰੇ ਕੰਮ ਕੀਤਾ।

ਇਸ ਲੇਖ ਦੇ ਲੇਖਕ ਪਿਛਲੇ ਦਿਨੀਂ ਇੰਗਲੈਂਡ ਵਿਚ ਚੜ੍ਹਾਈ ਕਰ ਗਏ ਹਨ ਅਸੀਂ ਸ਼ਰਧਾਂਜਲੀ ਅਰਪਿਤ ਕਰਦੇ ਹਾਂ। —ਸੰਪਾਦਕ

ਮੇਰੇ ਪਿਤਾ ਜੀ ਅਫਰੀਕਾ ੧੯੨੪ ਵਿਚ ਗਏ ਅਤੇ ਮੇਰਾ ਸੰਜੋਗ ਵੀ ਉਸੇ ਨਿਸਬਤ ੧੯੨੭ ਵਿਚ ਨੈਰੋਬੀ, ਅਫਰੀਕਾ ਜਾਣ ਦਾ ਹੋਇਆ। ਕੁਝ ਵਰੇ ਅਫਰੀਕਾ ਰੇਲਵੇ ਵਿਚ ਕੰਮ ਕਰਕੇ ਵਾਪਸ ਪੰਜਾਬ ਪਰਤ ਗਿਆ। ਸੰਨ ੧੯੩੪ ਦੀ ਇਹ ਗਲ ਹੈ ਜਦੋਂ ਬਬਰ ਲਹਿਰ ਆਪਣੇ ਪੂਰੇ ਜ਼ੋਰਾਂ ਤੇ ਸੀ ਜਿਸ ਵਿਚ ਮੈਂ ਵੀ ਨਿਰੰਤਰ ਹਿਸਾ ਲੈਣਾ ਸ਼ੁਰੂ ਕਰ ਦਿਤਾ। ਮੇਰਾ ਕੰਮ ਬਬਰਾਂ ਨੂੰ ਹਥਿਆਰ, ਬਰੂਦ ਆਦਿ ਮੁਹੱਈਆ ਕਰਨ ਦਾ ਸੀ, ਜੋ ਫਰੰਟੀਅਰ ਵਿਚੋਂ ਬਰਾਮਦ ਕੀਤੇ ਜਾਂਦੇ ਸਨ। ਬਬਰਾਂ ਦੇ ਨਾਲ ਮੈਨੂੰ ਕਾਫ਼ੀ ਤਕਲੀਫਾਂ ਅੰਗਰੇਜ਼ ਸਰਕਾਰ ਵਲੋਂ ਝਲਣੀਆਂ ਪਈਆਂ ਅਤੇ ਕੁਟਾਂ, ਮਾਰਾਂ ਅਤੇ ਜੇਲ੍ਹਾਂ ਵਿਚ ਵੀ ਕਾਫ਼ੀ ਤਸੀਹਿਆਂ ਦਾ ਸਾਹਮਣਾ ਕਰਨਾ ਪਿਆ। ਬਬਰ ਲਹਿਰ ਦੀ ਸਮਾਪਤੀ ਦੇ ਨਾਲ ਹੀ ਮੈਂ ਉਸ ਵੇਲੇ ਦੀ ਜਮਹੂਰੀਅਤ ਦੀ ਪਾਰਟੀ ਕਾਂਗਰਸ ਨਾਲ ਗਠਜੋੜ ਕਰ ਲਿਆ ਜਿਹੜਾ ਅੱਜ ਤਕ ਨਿਭ ਰਿਹਾ ਹੈ।

ਪਾਕਿਸਤਾਨ ਬਣਨ ਦੇ ਬਾਦ ਮੈਂ ਮੁੜਕੇ ਨੈਰੋਬੀ, ਅਫਰੀਕਾ ੧੯੪੮ ਵਿਚ ਪਹੁੰਚ ਗਿਆ ਅਤੇ ਕੁਝ ਚਿਰ ਇਥੇ ਰਹਿਕੇ, ਕੰਪਾਲੇ, ਯੁਗੰਡੇ ਵਿਖੇ ਹਮੇਸ਼ਾਂ ਲਈ ਡੇਰੇ ਲਾ ਲਏ। ਕੰਪਾਲੇ ਤੋਂ ਸਤਰ ਕੁ ਮੀਲ ਦੀ ਵਿੱਥ ਤੇ ਮੇਰਾ ਕੰਮ ਸੀ। ਇਹ ਗੱਲ ੧੯੫੩ ਦੀ ਹੈ ਜਦੋਂ ਸਤਿਗੁਰੂ ਪਰਤਾਪ ਸਿੰਘ ਜੀ ਦਾ ਅਫਰੀਕਾ ਦਾ ਪਹਿਲਾ ਦੌਰਾ ਹੋਇਆ। ਇਸ ਦੌਰੇ ਤੇ ਕੁਝ ਚਿਰ ਪਹਿਲਾਂ ਮੇਰੀ ਬਦਲੀ ਕੰਪਾਲਾ ਸ਼ਹਿਰ ਦੀ ਹੋ ਗਈ ਸੀ, ਜਿਥੇ ਯੁਗੰਡਾ ਰੇਲਵੇ ਵਿਚ ਮੈਨੂੰ ਫੋਰਮੈਨ ਦੇ ਪਦ ਤੇ ਨਿਯੁਕਤ ਕੀਤਾ ਗਿਆ ਸੀ।

ਇਹ ਗਲ ਮੈਂ ਦਸ ਦੇਣੀ ਚਾਹੁੰਦਾ ਹਾਂ ਕਿ ਯੁਗੰਡਾ ਵਿਚ ਰਹਿੰਦਿਆਂ ਮੇਰੇ ਕੋਲ ਤਿੰਨ ਰਫਲਾਂ, ਇਕ ਸ਼ਾਟਗੰਨ ਅਤੇ ਇਕ ਰਿਵਾਲਵਰ ਸੀ, ਜਿਸ ਨਾਲ ਬੇਅੰਤ ਜਾਨਵਰਾਂ ਦਾ ਸ਼ਿਕਾਰ ਮੈਂ ਕਰਦਾ ਹੁੰਦਾ ਸਾਂ। ਹਰਨ, ਸ਼ੇਰ, ਬਘਿਆੜ, ਹਾਥੀ, ਚਿਤਰੇ ਆਦਿ ਮੇਰੀਆਂ ਗੋਲੀਆਂ ਦੇ ਨਿਸ਼ਾਨੇ ਬਣ ਚੁਕੇ ਸਨ ਅਤੇ ਮੇਰੀ ਜੀਭ ਦੇ ਸੁਆਦ ਦੇ ਰਸ ਨੇ ਕੋਈ ਵੀ ਖਾਣ ਵਾਲਾ ਜਾਨਵਰ ਨਹੀਂ ਸੀ ਛੱਡਿਆ।

ਇਕ ਦਿਨ ਦੀ ਗਲ ਹੈ ਮੈਂ ਦੁਕਾਨ ਤੇ ਰਾਸ਼ਣ ਲੈਣ ਜਾ ਰਿਹਾ ਸਾਂ ਤਾਂ ਸੰਤ ਅਵਤਾਰ ਸਿੰਘ (ਸਵਰਗੀਯ ਸੂਬਾ ਸੀ) ਜੋ ਉਸ ਵੇਲੇ ਇਕ ਸਾਧਾਰਨ ਨਾਮਧਾਰੀ ਸਿਖ ਸਨ ਨੇ ਮੈਨੂੰ ਫਤਹਿ ਬੁਲਾਈ ਅਤੇ ਆਖਿਆ ਕਿ ਸਤਿਗੁਰੂ ਪਰਤਾਪ ਸਿੰਘ ਜੀ ਭਾਰਤ ਤੋਂ ਆਏ ਹਨ ਅਤੇ ਜੀਂਜੇ (ਜੋ ਕੰਪਾਲੇ ਤੋਂ ੪੦ ਮੀਲ ਦੀ ਵਿਥ ਤੇ ਹੈ) ਉਨ੍ਹਾਂ ਦਾ ਜਲੂਸ ਦੀ ਸ਼ਕਲ ਵਿਚ ਸਵਾਗਤ ਕੀਤਾ ਜਾਵੇਗਾ ਅਤੇ ਬੇਨਤੀ ਕੀਤੀ ਕਿ ਮੈਂ ਵੀ ਉਨ੍ਹਾਂ ਦੇ ਨਾਲ ਚਲ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਾਂ। ਉਨ੍ਹਾਂ ਕੋਲ "Morris Box Body" ਛੋਟੀ ਜਹੀ ਕਾਰ ਸੀ ਜਿਸ ਵਿਚ ਅਸੀਂ ਦੋਵੇਂ ਬੈਠ ਗਏ। ਮੈਂ ਵੀ ਸੱਚਿਆ ਚਲੋ ਇਸ ਬਹਾਨੇ ਨਾਮਧਾਰੀਆਂ ਦੇ ਗੁਰੂ ਦੇ ਦਰਸ਼ਨ ਹੀ ਕਰ ਲੈਂਦੇ ਹਾਂ।

ਕੁਝ ਕੁ ਮੀਲ ਦਾ ਸਫ਼ਰ ਕੀਤਾ ਹੀ ਸੀ ਕਿ ਸਾਡੀ ਕਾਰ ਵਿਗੜ ਗਈ। ਅਸੀਂ ਮਕੈਨਕੀ ਤੋਂ ਦੋਨੋਂ ਹੀ ਅਨਜਾਣ ਸਾਂ ਇਸ ਲਈ ਬੜੇ ਫਿਕਰਮੰਦ ਹੋਏ ਕਿ ਹੁਣ ਕੀ ਹੋਵੇਗਾ ? ਸੰਤ ਅਵਤਾਰ ਸਿੰਘ ਜੀ ਦੇ ਦਿਲ ਵਿਚ ਆਇਆ ਜੇ ਉਨ੍ਹਾਂ ਨੇ ਮੈਨੂੰ ਆਖਿਆ ਕਿ ਗਲਤੀ ਉਨ੍ਹਾਂ ਕੋਲੋਂ ਤੁਰਨ ਵੇਲੇ ਹੋਈ ਹੈ ਕਿ ਉਹ ਅਰਦਾਸ ਕਰਨ ਤੋਂ ਬਗੈਰ ਹੀ ਤੁਰ



Sri Satguru Jagjit Singh Ji eLibrary NamdhariElibrary@gmail.com

ਪਏ ਸਨ। ਮੈਂ ਸੰਤਾਂ ਨੂੰ ਆਖਿਆ ਕਿ ਜੇ ਇਹ ਗੱਲ ਹੈ ਤਾਂ ਅਰਦਾਸ ਹੁਣ ਕਰ ਲਵੋ। ਸੰਤਾਂ ਮੇਰੇ ਆਖੇ ਲਗ ਕੇ ਜੋੜੇ ਲਾਹ ਅਰਦਾਸ ਕੀਤੀ ਕਿ ਹੇ ਸਚੇ ਪਾਤਸ਼ਾਹ ਤੇਰਾ ਜਲੂਸ ਵੇਖਣਾ ਸੀ ਪਰ ਸਾਡੀ ਕਾਰ ਖਰਾਬ ਹੈ ਤੂੰ ਹੀ ਮੇਹਰ ਕਰ। ਅਰਦਾਸ ਤੋਂ ਬਾਦ ਜੋੜੇ ਪਹਿਨ ਕੇ ਕਾਰ ਦਾ ਬੋਨਟ ਜੋ ਖੁਲਾ ਸੀ ਵਿਚ ਐਵੇਂ ਹੀ ਇਧਰ ਉਧਰ ਤਾਰਾਂ ਨੂੰ ਉਨ੍ਹਾਂ ਹੱਥ ਮਾਰਿਆ ਤਾਂ ਕਾਰ ਸਟਾਰਟ ਹੋ ਗਈ ਅਤੇ ਅਸੀਂ ਵਾਹੋ ਦਾਹੀ ਜੀਂਜੇ ਦੀ ਜੂਹ ਵਿਚ ਪਹੁੰਚ ਗਏ ਜਿਥੇ ਹੋਰ ਵੀ ਕਾਰਾਂ ਮੋਟਰਾਂ ਕਠੀਆਂ ਹੋਈਆਂ ਹੋਈਆਂ ਸਨ ਅਤੇ ਸਤਿਗੁਰੂ ਜੀ ਦੀ ਸਪੈਸ਼ਲ ਕਾਰ ਦੀ ਉਡੀਕ ਕਰ ਰਹੀਆਂ ਸਨ।

ਸੰਗਤਾਂ ਵਿਚੋਂ ਮੇਰੇ ਕਾਫੀ ਜਾਣੂ ਪਹਿਚਾਣੂ ਵੀ ਸਨ ਅਤੇ ਕਈ ਨਵੇਂ ਚੇਹਰੇ ਵੀ ਸਨ। ਤਕਰੀਬਨ ਕਾਫੀ ਨਾਮਧਾਰੀ ਪਹਿਰਾਵੇ ਵਿਚ ਸਨ। ਮੇਰੇ ਕੋਲ ਵੀ ਇਕ ਚੁਸਤ ਪਜਾਮਾ ਸੀ, ਜੋ ਕੁਦਰਤੀ ਉਸ ਵੇਲੇ ਮੇਰੇ ਕੋਲ ਝੋਲੇ ਵਿਚ ਸੀ ਅਤੇ ਜਿਸਨੂੰ ਮੈਂ ਓਹਲੇ ਹੋ ਕੇ ਪਾ ਲਿਆ ਅਤੇ ਸਾਰਿਆਂ ਦੇ ਵਿਚ ਜਾ ਕੇ ਖਲੋ ਗਿਆ ਅਤੇ ਲਗਾ ਉਡੀਕਣ।

ਵੇਖਦਿਆਂ ਹੀ ਇਕ ਕਾਰ ਪਹੁੰਚੀ ਜੋ ਗਾਰੇ ਵਿਚ ਲੱਥ ਪੱਥ ਸੀ। ਉਸ ਵਿਚ ਜੋ ਸਜਣ ਸਨ ਉਨ੍ਹਾਂ ਦਸਿਆ ਕਿ ਪਿਛੇ ਰਸਤਾ ਬਹੁਤ ਖਰਾਬ ਹੈ ਅਤੇ ਸਤਿਗੁਰਾਂ ਦੀ ਕਾਰ ਵੀ ਪਿਛੇ ਖਰਾਬ ਹੋ ਗਈ ਸੀ ਇਸ ਕਰਕੇ ਹੀ ਲੇਟ ਹੈ। ਪੰਦਰਾਂ ਵੀਹਾਂ ਮਿੰਟਾਂ ਬਾਦ ਸਤਿਗੁਰੂ ਜੀ ਦੀ ਕਾਰ ਵਿਖਾਈ ਦਿਤੀ ਅਤੇ ਜੈਕਾਰਿਆਂ ਨਾਲ ਅਕਾਸ਼ ਗੂੰਜ ਉਠਿਆ।

ਸਤਿਗੁਰੂ ਜੀ ਦੀ ਕਾਰ ਖੜੀ ਹੋਈ। ਸਾਰੀ ਸੰਗਤ ਉਨ੍ਹਾਂ ਵਲ ਲਪਕੀ ਅਤੇ ਫੁਲਾਂ ਦੇ ਹਾਰਾਂ ਨਾਲ ਸਤਿਗੁਰੂ ਜੀ ਦਾ ਸਵਾਗਤ ਕੀਤਾ। ਸਤਿਗੁਰੂ ਜੀ ਹਸੂੰ ਹਸੂੰ ਕਰਦੇ ਸਾਡੇ ਵਲ ਵਧੇ ਅਤੇ ਸੰਤ ਅਵਤਾਰ ਸਿੰਘ ਨੂੰ ਕਹਿਣ ਲਗੇ "ਸੰਤ ਅਵਤਾਰ ਸਿੰਘ ਜੀ, ਚੰਗੇ ਹੋ ਤੁਸੀਂ, ਆਪਣੀ ਗੱਡੀ ਠੀਕ ਕਰਵਾ ਲਈ ਅਤੇ ਸਾਡੀ ਖਰਾਬ ਕਰ ਦਿਤੀ।"

ਇਹ ਗੱਲ ਸੁਣਦਿਆਂ ਹੀ ਮੈਨੂੰ ਹਜ਼ਾਰਾਂ ਬਿਜਲੀਆਂ ਦਾ ਕਰੰਟ ਪਿਆ ਅਤੇ ਮੇਰੀ ਹਾਲਤ ਦਾ ਅੰਦਾਜ਼ਾ ਲਗੌਣਾ ਮੁਸ਼ਕਿਲ ਹੀ ਨਹੀਂ ਬਲਕੇ ਨਾਮੁਮਕਿਨ ਸੀ। ਮੇਰੇ ਉਤੇ ਪ੍ਰਭਾਵ ਤਾਂ ਪਹਿਲਾਂ ਵੀ ਓਸ ਅਰਦਾਸ ਦਾ ਪੈ ਚੁਕਾ ਸੀ ਜਿਸ ਨਾਲ ਕਾਰ ਸਟਾਰਟ ਹੋਈ ਸੀ ਪਰ ਸਤਿਗੁਰਾਂ ਦੇ ਇਸ ਬਚਨ ਨੇ ਮੇਰਾ ਤਨ, ਮਨ ਹਿਲਾ ਕੇ ਰਖ ਦਿਤਾ। ਮੈਨੂੰ ਸਮਝ ਨਹੀਂ ਪੈ ਰਹੀ ਸੀ ਕਿ ਮੇਰੇ ਸਨਮੁਖ ਇਹ ਦਿਬ ਸ਼ਕਤੀ ਕੀ ਹੈ ਜਿਸ ਨੇ ਮੈਨੂੰ ਕੀਲ ਸੁਟਿਆ ਹੈ।

ਮੈਨੂੰ ਇੰਡੀਆ ਬਿਲਡਿੰਗ ਕੰਟਰੈਕਟਰ ਦੇ ਸੰਤ ਪਰੀਤਮ ਸਿੰਘ ਜੀ ਅਤੇ ਹਜ਼ਾਰਾ ਸਿੰਘ ਭਾਬਾ, ਜਿਨ੍ਹਾਂ ਨੇ ਇਹ ਦੌਰਾ ਕਰਵਾਇਆ ਸੀ, ਹੁਕਮ ਕੀਤਾ ਕਿ ਤੁਸੀਂ ਜਲੂਸ ਦੀ ਅਗਵਾਈ ਕਰੋ। ਗਤਕੇ ਦਾ ਖਿਲਾੜੀ ਹੋਣ ਕਰਕੇ ਦੋ ਕਿਰਪਾਨਾਂ ਲੈ ਕੇ ਘੁਮੌਂਦਾ ਹੋਇਆ ਅਗੇ ਹੋ ਤੁਰਿਆ ਅਤੇ ਹੌਲੀ ਹੌਲੀ ਜਲੂਸ 'ਖਾਲਸਾ ਕੰਟਰੈਕਟਰ' ਵਾਲਿਆਂ ਦੇ ਗ੍ਰਹਿ ਤਕ ਜਾ ਕੇ ਸਮਾਪਤ ਹੋਇਆ।

ਦੂਸਰੇ ਦਿਨ ਉਨ੍ਹਾਂ ਦੇ ਘਰ ਵਿਖੇ ਸਤਿਗੁਰੂ ਜੀ ਸੰਗਤ ਵਿਚ ਇਵੇਂ ਸੁਸ਼ੋਭਤ ਸਨ ਜਿਵੇਂ ਤਾਰਿਆਂ ਵਿਚ ਚੰਦਰਮਾ। ਮੈਂ ਵੀ ਉਥੇ ਹੀ ਬੈਠਾ ਹੋਇਆ ਸਾਂ। ਮੇਰੇ ਕੋਲ ਬਾਬੂ ਮੇਹਰਬਾਨ ਸਿੰਘ ਬੈਠੇ ਸਨ, ਜੋ ਨੈਰੋਬੀ ਤੋਂ ਆਏ ਸਨ, ਉਨ੍ਹਾਂ ਮੈਨੂੰ ਆਖਿਆ ਕੇ ਸਰਦਾਰ ਜੀ ਤੁਸੀਂ ਵੀ ਹੁਣ ਸਤਿਗੁਰੂ ਦੇ ਜਹਾਜ਼ੇ ਚੜ੍ਹ ਜਾਵੋ। ਉਸੇ ਹੀ ਵੇਲੇ ਸਤਿਗੁਰੂ ਜੀ ਨੇ ਸਾਡੇ ਵਲ ਇਸ਼ਾਰ ਕੀਤਾ ਕਿ ਇਧਰ ਆਵੋ। ਮੈਂ ਬਾਬੂ ਜੀ ਨੂੰ ਆਖਿਆ ਕਿ ਜਾਓ, ਤੁਹਾਨੂੰ ਸਤਿਗੁਰੂ ਜੀ ਸੱਦ ਰਹੇ ਹਨ। ਬਾਬੂ ਉਠ ਕੇ ਜਾਣ ਲਗੇ ਤਾਂ ਸਤਿਗੁਰੂ ਜੀ ਨੇ ਕਿਹਾ, "ਤੁਹਾਨੂੰ ਨਹੀਂ ਤੁਹਾਡੇ ਨਾਲ ਬੈਠੇ ਸਜਣ ਨੂੰ ਸਾਡੇ ਕੋਲ ਭੇਜੋ।"

ਮੈਂ ਜਾ ਕੇ ਮਥਾ ਟੇਕਿਆ। ਗੁਰੂ ਜੀ ਨੇ ਆਸ਼ੀਰਵਾਦ ਦਿਤਾ ਅਤੇ ਹਾਲ ਚਾਲ ਪੁਛਿਆ ਕਿ ਕਿਥੇ ਕੰਮ ਕਰਦੇ ਹੋ ਆਦਿ ਅਤੇ ਫ਼ਿਰ ਪੁਛਣ ਲਗੇ ਕਿ ਮਾਸ ਸ਼ਰਾਬ ਦਾ ਸੇਵਨ ਕਰਦੇ ਹੋ? ਤਾਂ ਮੈਂ ਉਤਰ ਦਿਤਾ ਕਿ ਮਹਾਰਾਜ ਮੈਂ ਤਾਂ ਪੰਜੇ ਐਬ ਸ਼ਰਈ ਹਾਂ। ਲਾਹੌਲ ਵਲਾ ਕੁਵੱਤ। ਸਤਿਗੁਰਾਂ ਮੈਨੂੰ ਕਿਹਾ ਕਿ ਇਨਾਂ ਦਾ ਤਿਆਗ ਕਰ ਦੇ ਤਾਂ ਮੈਂ ਕਿਹਾ ਕਿ ਮੈਂ ਇਨਾਂ ਦਾ ਆਦੀ ਹੋ ਚੁਕਾ ਹਾਂ ਅਤੇ ਕੋਈ ਵੀ ਇਹੋ ਜਿਹਾ ਪ੍ਰਣ ਨਹੀਂ ਕਰਨਾ ਚਾਹੁੰਦਾ ਜੋ ਮੈਂ ਨਿਭਾ ਨਾ ਸਕਾਂ। ਸਤਿਗੁਰ ਜੀ ਨੇ ਫਰਮਾਇਆ ਕਿ ਤੂੰ ਫਿਕਰ ਨਾ ਕਰ ਤੇਰੇ ਅਸੀਂ ਜ਼ੁਮੇਵਾਰ ਹਾਂ ਅਤੇ ਇਹ ਕਹਿਕੇ ਸੰਤ ਨਿਧਾਨ ਸਿੰਘ ਆਲਿਮ ਜੀ ਨੂੰ ਆਖਿਆ ਕਿ ਇਨਾਂ ਨੂੰ ਭਜਨ ਦੇਵੋ। ਮੈਂ ਉਨ੍ਹਾ ਨੂੰ ਰੋਕ ਦਿਤਾ ਅਤੇ ਫਿਰ ਸਤਿਗੁਰੂ ਜੀ ਅਗੇ ਅਰਜ ਕੀਤੀ ਕਿ ਮੈਂ ਹਜ਼ਾਰਾਂ ਹੀ ਬੇਗੁਨਾਹ ਜਾਨਵਰਾਂ ਦਾ ਖੂਨ ਕੀਤਾ ਹੈ—ਉਸਦਾ ਕੀ ਬਣੂ? ਤਾਂ ਸਤਿਗੁਰੂ ਜੀ ਮੁਸਕ੍ਰਾਏ ਅਤੇ ਆਖਣ ਲਗੇ—ਤੇਰੇ ਗੁਨਾਹ ਸਭ ਬਖਸ਼ੇ। ਮੈਂ ਸਤਿਗੁਰਾਂ ਦੇ ਇਹ ਬਚਨ ਸੁਣ ਕੇ ਇਕ ਹੋਰ ਬੇਨਤੀ ਕੀਤੀ ਕਿ ਭਜਨ ਲੈਣ ਤੋਂ ਬਾਦ ਮੇਰੇ ਤੇ ਇਹ ਕਿਰਪਾ ਕਰੋ ਕਿ ਸੁਪਨੇ ਵਿਚ ਵੀ ਮਾਸ, ਸ਼ਰਾਬ ਦੀ ਯਾਦ ਕਦੇ ਨ ਆਵੇ। ਇਸ ਤੋਂ ਬਾਦ ਸੂਬਾ ਦਸੌਂਦਾ ਸਿੰਘ ਜੀ ਨੇ ਮੇਰੇ ਕੰਨ ਵਿਚ ਨਾਮ ਦੀ ਬੂੰਦ ਟਪਕਾ ਦਿਤੀ। ਮੇਰੇ ਮਾਨੋ ਕਪਾਟ ਹੀ ਖੁਲ ਗਏ ਹੋਣ। ਮੈਂ



Sri Satguru Jagjit Singh Ji eLibrary NamdhariElibrary@gmail.com

ਘਰ ਜਾ ਕੇ ਸਾਰਾ ਮਾਸ ਆਦਿ ਜੋ ਫਰਿਜ ਵਿਚ ਸੀ, ਚਕਵਾ ਦਿਤਾ ਅਤੇ ਨਾਮ ਬਾਣੀ ਦਾ ਅਭਿਆਸ ਸ਼ੁਰੂ ਕਰ ਦਿਤਾ।

ਕੁਝ ਦਿਨਾਂ ਬਾਦ ਦੀ ਗੱਲ ਹੈ ਮੇਰੇ ਸੰਗੀ ਸਾਥੀਆਂ ਜੋ ਮੇਰੇ ਪਿਆਲੇ ਦੇ ਯਾਰ ਸਨ, ਨੇ ਆਖਿਆ ਕਿ ਚਲੋ ਸ਼ਿਕਾਰ ਨੂੰ ਚਲੀਏ। ਮੈਂ ਉਨ੍ਹਾਂ ਨੂੰ ਆਪਣੀ ਮਜਬੂਰੀ ਦਸੀ, ਪਰ ਉਨ੍ਹਾਂ ਨੇ ਇਕ ਨਾ ਸੁਣੀ ਅਤੇ ਮੈਨੂੰ ਇਹ ਕਹਿਕੇ ਨਾਲ ਟੋਰ ਹੀ ਲਿਆ ਕਿ ਤੂੰ ਮਾਸ ਨਾ ਖਾਵੀਂ, ਸਿਰਫ ਸ਼ਿਕਾਰ ਹੀ ਕਰਨਾ ਹੈ, ਇਕ ਹਰਨ ਹੀ ਮਾਰਨਾ ਹੈ।

ਜੰਗਲ ਵਿਚ ਪਹੁੰਚਦਿਆਂ ਹੀ ਕੁਝ ਦੂਰ ਮੈਨੂੰ ਹਰਨ ਵਿਖਾਈ ਦਿਤੇ ਜਿਨ੍ਹਾਂ ਵਲ ਮੈਂ ਹੌਲੀ ਹੌਲੀ ਤੁਰ ਪਿਆ। ਇਕ ਦਮ ਹੀ ਮੈਂ ਰੁਕਿਆ ਅਤੇ ਵੇਖਦਾ ਹਾਂ ਕਿ ਮੈਂ ਇਕਲਾ ਹੀ ਹਾਂ, ਮੇਰੇ ਸਾਥੀ ਕਾਫੀ ਪਿਛੇ ਰਹਿ ਚੁਕੇ ਸਨ। ਏਨੇ ਵਿਚ ਕੀ ਵੇਖਦਾ ਹਾਂ ਕਿ ਹਰਨਾਂ ਦੀਆਂ ਪਿਠਾਂ ਜੋ ਮੈਨੂੰ ਦਿਸ ਰਹੀਆਂ ਸਨ, ਉਹਨਾਂ ਦੀ ਜਗਾ ਇਕ ਸ਼ੇਰ, ਸ਼ੇਰਨੀ ਅਤੇ ਇਕ ਛੋਟਾ ਬੱਚਾ ਮੇਰੇ ਵਲ ਨੀਝ ਲਾ ਕੇ ਵੇਖ ਰਹੇ ਹਨ।

ਸ਼ੇਰ ਨੇ ਗਰਜਨਾ ਕੀਤੀ। ਮੈਂ ਘਬਰਾਇਆ ਪਰ ਫਿਰ ਸੰਭਲ ਕੇ ਬੰਦੂਕ ਸ਼ੇਰ ਵਲ ਤਾਕ ਦਿਤੀ ਤਾਂ ਨਜ਼ਰ ਸਜੇ ਪਾਸੇ ਗਈ ਤਾਂ ਉਥੇ ਵੀ ਸ਼ੇਰਾਂ ਦੀ ਢਾਣੀ ਖੜੀ ਸੀ, ਜਦੋਂ ਖਬੇ ਨਜ਼ਰ ਮਾਰੀ ਤਾਂ ਓਧਰ ਵੀ ਸ਼ੇਰ। ਗਲ ਕੀ ਕੇ ਮੈਨੂੰ ਸ਼ੇਰਾਂ ਨੇ ਚੰਗੀ ਤਰ੍ਹਾਂ ਘੇਰ ਲਿਆ ਸੀ। ਮੇਰੀ ਖਾਨਿਓਂ ਗਈ—ਇਕ ਦਮ ਸਤਿਗੁਰੂ ਜੀ ਦੀ ਯਾਦ ਆਈ—ਅੱਖਾਂ ਮੀਟੀਆਂ ਅਰਦਾਸ ਕੀਤੀ ਕੇ ਹੇ ਸਚੇ ਪਾਤਸ਼ਾਹ ਮੈਂ ਭੁਲ ਗਿਆ, ਮੈਨੂੰ ਬਚਾਓ। ਹੌਲੀ ਹੌਲੀ ਡਰਦਿਆਂ ਅੱਖਾਂ ਖੋਲੀਆਂ ਤੇ ਕੀ ਵੇਖਦਾ ਹਾਂ ਕਿ ਨਾ ਉਥੇ ਸ਼ੇਰ ਨਾ ਸ਼ੇਰ ਦੀ ਜ਼ਾਤ। ਮੈਂ ਵਾਪਸ ਪਰਤਿਆ ਅਤੇ ਦੋ ਕੁ ਮੀਲਾਂ ਤੇ ਮੇਰੇ ਸਾਥੀਆਂ ਨੂੰ ਜਾ ਮਿਲਿਆ ਜੋਹੜੇ ਸ਼ੇਰਾਂ ਤੋਂ ਡਰ ਕੇ ਭਜ ਗਏ ਸਨ ਅਤੇ ਮੇਰੇ ਵਲੋਂ ਵੀ ਉਮੀਦ ਲਾਹ ਚੁਕੇ ਸਨ।

ਉਸ ਤੋਂ ਬਾਦ ਜਦੋਂ ਮੈਂ ਘਰ ਪਰਤਿਆ ਤਾਂ ਸਾਰੇ ਮਾੜੇ ਕੰਮਾਂ ਤੋਂ ਤੋਬਾ ਕਰ ਦਿਤੀ ਅਤੇ ਹੁਣ ਤਕ ਓਸ ਅਟਲ ਪਰਤਾਪੀ ਦਾ ਮਿਹਰਾਂ ਭਰਿਆ ਹਥ ਮੇਰੇ ਤੇ ਹੈ। ਉਨ੍ਹਾਂ ਦੀ ਬਖਸ਼ਿਸ਼ ਸਦਕੇ ਹੀ ਦਸ ਸਾਲ ਕੰਪਾਲੇ ਦੀ ਸੰਗਤ ਦੀ ਪ੍ਰਧਾਨਗੀ ਦੁਆਰਾ ਸੇਵਾ ਨਿਭਾਈ ਅਤੇ ਵਲੈਤ ਆ ਕੇ ਸਤਿਗੁਰੂ ਜਗਜੀਤ ਸਿੰਘ ਦੀ ਮੇਹਰ ਨਾਲ ਪੰਦਰਾਂ ਸਾਲ ਨਾਮਧਾਰੀ ਸੰਗਤ ਬਰਮਿੰਘਮ ਦੀ ਪਰਧਾਨਗੀ ਦਾ ਮਾਣ ਪਰਾਪਤ ਹੋਇਆ ਅਤੇ ਉਹਨਾਂ ਦੀ ਨਦਰੋ ਕਰਮ ਦਾ ਹੀ ਸਦਕਾ ੧੯੮੪ ਦਾ ਹੋਲਾ ਬਰਮਿੰਘਮ ਸ਼ਹਿਰ ਵਿਚ ਮਨੌਣ ਦੀ ਮੇਰੀ ਬੇਨਤੀ ਸਵੀਕਾਰ ਕਰਕੇ ਮੈਨੂੰ ਅਥਾਹ ਮਾਨ ਬਖਸ਼ਿਆ।

(—"ਗੁਰੂ ਪ੍ਰਤਾਪ ਸਿੰਘ ਜੀ ਦੀ ਅਨੰਤ ਸਿਮ੍ਰਤੀ" ਪੁਸਤਕ ਵਿਚ 'ਮੈਂ ਨਾਮਧਾਰੀ ਕਿਵੇਂ ਬਣਿਆ' ਸਿਰਲੇਖ ਹੇਠ ਛਪਿਆ—ਪ੍ਰਕਾਸ਼ਕ ਹ.ਸ. ਕੰਵਲ, ਕੁਵੈਂਟਰੀ ਯੂ.ਕੇ)

# ਦੋ ਗ਼ਜ਼ਲਾਂ

—ਡਾ. ਨਰੇਸ਼

(੧)

ਕਈ ਦਿਨਾਂ ਤਕ ਜ਼ਹਿਨ ਅੰਦਰ ਮਚਦੀ ਹੈ ਲਟਲਟ ਗ਼ਜ਼ਲ।
ਤਾਂ ਕਿਤੇ ਕਾਗਜ਼ 'ਤੇ ਆਕੇ ਹੁੰਦੀ ਹੈ ਪਰਗਟ ਗ਼ਜ਼ਲ।
ਹੂਕ ਬਣਦੀ ਹੈ ਕਦੀ ਫ਼ੁਰਕਤ ਦੀ ਲੰਮੀ ਰਾਤ ਦੀ,
ਉਸਦੇ ਕਦਮਾਂ ਦੀ ਕਦੀ ਬਣ ਜਾਂਦੀ ਹੈ ਆਹਟ ਗ਼ਜ਼ਲ।
ਖੋਲ੍ਹਦੀ ਹੈ ਕਾਦਿਰੋ-ਕੁਦਰਤ ਦੇ ਗੁੱਝੇ ਭੇਤ ਵੀ,
ਬਾਤ ਜਿਸਮਾਂ ਦੀ ਵੀ ਪਾ ਲੈਂਦੀ ਹੈ ਇਹ ਨਟਖਟ ਗ਼ਜ਼ਲ।
ਸੀ ਕਦੀ ਉਸਤਤਿ ਸਮੇਂ ਦੀ ਹਾਕਮਾਂ ਦੀ ਹੁਣ ਮਗਰ,
ਹੈ ਕਿਸਾਨਾਂ ਕਾਮਿਆਂ ਦੇ ਦਿਲ ਦੀ ਕੁਰਲਾਹਟ ਗ਼ਜ਼ਲ।
ਦਿਲ ਦਿਆਂ ਜ਼ਖ਼ਮਾਂ ਚੋਂ ਖ਼ੁਸ਼ਬੂ ਵਾਂਗ ਫੁਟਦੀ ਹੈ 'ਨਰੇਸ਼',
ਇੰਜ ਨਹੀਂ ਹੁੰਦਾ ਕਿ ਬਹਿ ਕੇ ਲਿਖ ਲਈ ਝਟਪਟ ਗ਼ਜ਼ਲ।

(੨)

ਵਸਲ ਦੇ ਦੋ ਪਲ ਵੀ ਜੇ ਉਹ ਲੜਦਿਆਂ ਖੋਊ ਨਰੇਸ਼।
ਬਦਨਸੀਬੀ ਆਪਣੀ ਫਿਰ ਹੋਰ ਕੀ ਹੋਊ ਨਰੇਸ਼।
ਘਰ ਦਾ ਮੱਥਾ ਲਿੱਪਿਆਂ ਛੱਤਾਂ ਨ੍ਹੀਂ ਪੱਕੀਆਂ ਹੁੰਦੀਆਂ,
ਮੈਂ ਨਾ ਕਹਿੰਦਾ ਸੀ ਇਹ ਕੋਠਾ ਮੀਂਹਾਂ ਵਿਚ ਚੋਊ ਨਰੇਸ਼।
ਧਰਮ ਦੇ ਨਾਂ 'ਤੇ ਲਹੂ ਇਨਸਾਨੀਅਤ ਦਾ ਡੋਲ੍ਹਣਾ,
ਕਿਹੜੀ ਗੰਗਾ ਇਸ ਭਿਆਨਕ ਪਾਪ ਨੂੰ ਧੋਊ ਨਰੇਸ਼।
ਇਹ ਵਿਵਸਥਾ ਖ਼ੁਦ ਕਰੂ ਪੈਦਾ ਬਗਾਵਤ ਦੇਖਣਾ,
ਕੋਈ ਅਧਿਆਰੇ ਦੇ ਪੱਥਰ ਕਿੰਨਾ ਚਿਰ ਢੋਊ ਨਰੇਸ਼।
ਆਪ ਹੀ ਇਹ ਸੋਚ ਕੇ ਰੋਂਦਾ ਰਿਹਾ ਹਾਂ ਉਮਰ ਭਰ,
ਚਾਰ ਹੰਝੂ ਕੌਣ ਮੇਰੀ ਮੌਤ 'ਤੇ ਰੋਊ ਨਰੇਸ਼।

—ਪ੍ਰੋ: ਤੇ ਮੁਖੀ, ਭਾਈ ਵੀਰ ਸਿੰਘ ਚੇਅਰ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।



Sri Satguru Jagjit Singh Ji eLibrary NamdhariElibrary@gmail.com

ਜਪੁਜੀ ਦਾ ਸਾਧਨਾ ਖੰਡ (੨)

# ਪੰਜ ਖੰਡ ਪੰਜ ਸੁੰਨ

– ਅਮਰ ਭਾਰਤੀ

ਪਹਿਲਾ ਸੁੰਨ ਬਿੰਦੂ ਹੈ ਤੇ ਇਹ ਪਹਿਲੇ ਸੁੰਨ ਦੇ ਅੰਤਿਮ ਸਿਰੇ ਤੇ ਹੈ। ਬਿੰਦੂ ਮਨ ਦੀਆਂ ਅਨੰਤ ਬਿਰਤੀਆਂ, ਪਰਵਿਰਤੀਆਂ, ਸੰਕਲਪਾਂ-ਵਿਕਲਪਾਂ ਦਾ ਸੁੰਗੜਵਾਂ ਰੂਪ ਹੈ। ਇਹ ਬਿੰਦੂ ਰਜੋ ਮੰਡਲ ਦੇ ਘੇਰੇ ਵਿਚ ਹੈ ਅਤੇ ਤਮੋ ਮੰਡਲ ਦੇ ਅੰਤ ਤੇ ਹੈ। ਰਜੋ ਮੰਡਲ ਨਿਰਪੱਖ ਹੈ। ਇਸ ਦੇ ਉਪਰ ਸਤੋ ਮੰਡਲ ਹੈ, ਹੇਠਾਂ ਤਮੋ ਮੰਡਲ। ਆਗਿਆ ਚੱਕਰ ਵਿਚ ਇਸ ਦਾ ਕੇਂਦਰ ਹੈ। ਆਗਿਆ ਚੱਕਰ ਚਿੱਤ ਦਾ ਸਥਾਨ ਹੈ। ਕਈ ਵਾਰੀ 'ਚਿੱਤ' ਸ਼ਬਦ 'ਮਨ' ਦੀ ਥਾਂ ਉਤੇ ਅਤੇ 'ਮਨ' ਨੂੰ 'ਚਿੱਤ' ਦੀ ਥਾਂ ਤੇ ਵਰਤ ਲਿਆ ਜਾਂਦਾ ਹੈ। ਪਰ ਹੈਣ ਇਹ ਵੱਖ ਵੱਖ। ਇਨ੍ਹਾਂ ਦਾ ਫਰਕ ਯੁਵਾਚਾਰੀਯ ਮਹਾਂਪ੍ਰਗਯ ਜੀ ਦੇ ਸ਼ਬਦਾਂ ਵਿਚ ਇਸ ਤਰ੍ਹਾਂ ਹੈ—"ਚਿੱਤ ਸਾਡੀ ਹੋਂਦ (ਅਸਤਿਤ੍ਵ) ਦਾ ਇਕ ਅੰਗ ਹੈ ਅਤੇ ਮਨ ਸਾਡੀ ਪ੍ਰਵਿਰਤੀ ਦਾ ਇਕ ਭੰਡਾਰ।"

ਅਸੀਂ ਇਸ ਨੂੰ ਐਸ ਤਰ੍ਹਾਂ ਵੀ ਸਮਝ ਸਕਦੇ ਹਾਂ ਕਿ ਚਿੱਤ ਇਕ ਸਥਾਈ ਤੱਤ ਹੈ ਅਤੇ ਮਨ ਅਸਥਾਈ। ਸੰਕਲਪਾਂ-ਵਿਕਲਪਾਂ ਦਾ ਜਨਕ ਚਿੱਤ ਹੀ ਹੈ, ਮਨ ਉਨ੍ਹਾਂ ਅਨੁਸਾਰ ਕਾਰਜ ਕਰਨ ਵਾਲਾ ਜੰਤਰ।

ਆਗਿਆ ਚੱਕਰ-ਬੁੱਧੀ ਦਾ ਖੇਤਰ ਵੀ ਹੈ ਤੇ ਏਸੇ ਹਿਸਾਬ ਇਹ ਵਿਵੇਕ ਦਾ ਖੇਤਰ ਵੀ। ਬੁੱਧ ਵਿਵੇਕ ਦਾ ਸਿੱਧਾ ਸੰਬੰਧ ਚੰਗੇ ਮੰਦੇ ਦੀ ਪਛਾਣ ਨਾਲ ਹੈ। ਗਿਆਨ ਦਾ ਸਿੱਧਾ ਸੰਬੰਧ ਅਦਵੈਤ ਬ੍ਰਹਮ ਨਾਲ ਹੈ। ਆਗਿਆ ਚੱਕਰ ਤੋਂ ਉਪਰਲੇ ਪਾਸੇ ਸੂਖਮ ਜਾਂ ਸ਼ੁੱਧ ਮਹਾਂਮਾਯਾ ਜਗਤ ਹੈ ਹੇਠਲੇ ਪਾਸੇ ਅਸ਼ੁਧ ਤੇ ਸਥੂਲ ਮਾਯਾ ਜਗਤ। ਜਗਤਾਂ ਦੀ ਰਚਨਾ ਦੋਹੀਂ ਪਾਸੀਂ ਹੈ ਅਤੇ ਦੋਹਾਂ ਪਾਸਿਆਂ ਦੇ ਗਿਆਨ ਦਾ ਕੇਂਦਰ ਆਗਿਆ ਚੱਕਰ ਹੈ—ਜੋ ਚਿੱਤ ਦਾ ਸਥਾਨ ਹੈ ਤੇ ਜਿਥੇ ਚਿੱਤ ਦਾ ਜੰਤਰ ਰੂਪੀ ਮਨ ਸੁੰਗੜ ਕੇ ਇਕਾਗਰਤਾ ਦੇ 'ਇਕ' ਬਿੰਦੂ ਵਿਚ ਆ ਸਮਾਇਆ ਹੈ। ਏਸੇ ਲਈ ਇਹ ਪਹਿਲਾ ਸੁੰਨ ਹੈ। ਇਸ ਸੁੰਨ ਵਿਚ ਚਿੱਤ ਤਾਂ ਹੈ ਈ ਏ, ਮਨ ਵੀ ਹੈ ਪਰ ਲਗਾਤਾਰ ਸੁੰਗੜਦੇ, ਟੁਟਦੇ ਤੇ ਮੁਕਦੇ ਰੂਪ ਵਿਚ। ਚਿੱਤ ਨੂੰ ਵੀ ਏਥੇ ਹੀ ਇਸ ਗੱਲ ਦਾ ਪਤਾ ਲਗ ਸਕਦਾ ਹੈ ਕਿ ਏਧਰ-ਓਧਰ, ਏਥੇ ਓਥੇ ਤਿਥੈ ਕੀ ਹੈ। ਚਿੱਤ ਦਾ ਇਕ ਸੰਬੰਧ ਚੇਤਨਾ ਨਾਲ ਹੈ ਜੋ ਚੈਤਨਯ ਦਾ ਸਥੂਲ ਰੂਪ ਹੈ। ਚੇਤਨਾ ਸ਼ੁੱਧ-ਅਸ਼ੁੱਧ ਹੋ ਸਕਦੀ ਹੈ ਪਰ ਚੈਤਨਯ ਸ਼ੁੱਧ ਹੀ ਸ਼ੁੱਧ ਹੈ ਜੋ ਉਪਰ ਸਿਖਰ ਤੇ ਸਥਿਤ 'ਚਿੱਤ' ਜਾਂ ਅਨੁੱਤਰ ਦਾ ਹੀ ਪ੍ਰਕਾਸ਼ਿਤ ਸਥੂਲ ਰੂਪ ਹੈ। ਮਨ ਦੇ ਪਿੱਛੇ ਐਸੀ ਕੋਈ ਉੱਚੀ ਧਿਰ ਨਹੀਂ ਹੈ ਜੋ ਉਸ ਨੂੰ ਆਪਣੀ ਉੱਚਤਾ ਵਿਚ ਮਿਲਾ ਲਵੇ। ਸੋ ਉਪਰ ਦੀ ਯਾਤ੍ਰਾ ਵਿਚ ਚਿੱਤ ਦਾ ਰੂਪਾਂਤਰ ਹੈ—ਪਰ ਮਨ ਦਾ ਅੰਤ ਹੈ।

ਚਿੱਤ ਦੇ ਇਸ ਕੇਂਦਰ ਵਿਚ ਦੋਹਾਂ ਪਾਸਿਆਂ ਦੇ ਗਿਆਨ ਦੀ ਚਰਚਾ ਹੀ ਜਪੁਜੀ ਸਾਹਿਬ ਦੇ ਦੂਜੇ ਖੰਡ ਵਿਚ ਹੋਈ ਹੈ। ਪਹਿਲਾਂ, ਪਹਿਲੇ ਖੰਡ ਨਾਲ ਜੋੜਦੀ ਇਕ ਪੰਕਤੀ ਹੈ ਤੇ ਫਿਰ ਗਿਆਨ ਖੰਡ—

ਧਰਮ ਖੰਡ ਕਾ ਏਹੋ ਧਰਮੁ

ਗਿਆਨ ਖੰਡ ਕਾ ਆਖਹੁ ਕਰਮ।

ਕੇਤੇ ਪਵਨ ਪਾਣੀ ਵੈਸੰਤਰ ਕੇਤੇ ਕਾਨ੍ਹ ਮਹੇਸ।

ਕੇਤੇ ਬਰਮੇ ਘਾੜਤ ਘੜੀਅਹਿ ਰੂਪ ਰੰਗ ਕੇ ਵੇਸ।

ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ।

ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ।

ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ।

ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ।

ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ।

ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨਾ ਅੰਤੁ।

ਇਸ ਖੰਡ ਵਿਚ ਜਾ ਕੇ ਸਾਧਕ ਦੀ ਗਿਆਨ ਚੇਤਨਾ ਪ੍ਰਚੰਡ ਹੋ ਉਠਦੀ ਹੈ। ਇਕ ਅਨੰਤ ਅਨੰਤਤਾ ਦਾ ਅਹਿਸਾਸ ਹੁੰਦਾ ਹੈ। ਇਹ ਅਨੰਤਤਾ ਦੋਹਾਂ ਪਾਸਿਆਂ ਦੀ ਹੈ। ਏਸੇ ਖੰਡ ਵਿਚ ਹੀ ਉਸ ਸਾਰੀ ਬਣਤ ਦਾ ਪਤਾ ਲਗਦਾ ਹੈ ਜਿਸ ਦੀ ਘਾੜਤ ਦੋਹੀਂ ਪਾਸੀਂ ਘੜੀ ਜਾ ਰਹੀ ਹੈ। ਜਿਸ ਖੰਡ ਵਿਚੋਂ ਉਸਦੀ ਸੁਰਤਿ ਆਈ ਹੈ ਉਹ ਮਾਯਾ ਰੂਪੀ ਪਰਦੇ ਵਿਚ ਢਕਿਆ ਹੋਇਆ ਸੀ। ਉਸ ਖੰਡ ਵਿਚ 'ਮੈਂ' ਤੋਂ ਅਗਾਂਹ ਦਾ ਦ੍ਰਿਸ਼ਟੀ ਖੇਤਰ ਸੀਮਤ ਸੀ, ਪ੍ਰਭੂ ਦੀ ਵਿਰਾਟਤਾ ਵੇਖਦਾ ਹੋਇਆ ਵੀ ਉਹ ਉਸ ਦੇ ਅਨੁਭਵ ਨੂੰ ਜਿਉਂ ਨਹੀਂ ਸੀ ਸਕਦਾ। ਪਰ ਇਸ ਖੰਡ ਵਿਚ ਉਸ ਦੀ ਗਿਆਨ-ਚੇਤਨਾ ਪਰਚੰਡ ਹੈ। ਉਹ ਵੇਖ ਰਿਹਾ ਹੈ– ਅਨੰਤ ਸ੍ਰਿਸ਼ਟੀਆਂ ਦੀ



Sri Satguru Jagjit Singh Ji eLibrary NamdhariElibrary@gmail.com

ਸਿਰਜਨਾ ਹੋ ਰਹੀ ਹੈ। ਅਨੰਤ ਹੀ ਬ੍ਰਹਮਾ ਹਨ ਜੋ ਘਾੜਤ ਦੇ ਕਾਰਜ ਵਿਚ ਮਗਨ ਹਨ। ਅਨੰਤ ਹੀ ਕਾਨ੍ਹ (ਵਿਸ਼ਣੂ) ਹੋਨ ਦੇ ਅਨੰਤ ਹੀ ਮਹੇਸ਼ਵਰ ਹਨ। ਪਹਿਲੇ ਖੰਡ ਵਿਚ ਵੀ ਧਰਤੀ, ਪਾਣੀ, ਅਗਨੀ ਆਦਿ ਤੱਤ ਮੌਜੂਦ ਸਨ, ਪਰ ਅਨਗਿਣਤ ਹਨ—ਇਸ ਗੱਲ ਦਾ ਉਸ ਨੂੰ ਗਿਆਨ ਨਹੀਂ ਸੀ। ਉਸ ਦੇ ਗਿਆਨ ਅਨੁਸਾਰ ਓਥੇ ਗਿਣਤੀ ਦੇ ਹੀ ਪਰਬਤ ਸਨ, ਭੂਮੀਆਂ ਸਨ ਅਤੇ ਉਨ੍ਹਾਂ ਦੇ ਸੀਮਿਤ ਰੂਪ ਰੰਗ। ਓਥੇ ਇਕੋ ਧਰੂ ਭਗਤ ਸੀ ਤੇ ਇਕੋ ਹੀ ਗੁਰੂ ਰੂਪ ਨਾਰਦ ਸੀ, ਜੋ ਉਸ ਨੂੰ ਉਪਦੇਸ਼ ਦੇਂਦਾ ਸੀ। ਏਥੇ ਧਰੂਆਂ ਦਾ ਵੀ ਅੰਤ ਨਹੀਂ ਦੀਖਿਆ ਦਾਤਾ ਨਾਰਦਾਂ ਦਾ ਵੀ ਅੰਤ ਨਹੀਂ। ਓਥੇ ਇਕੋ ਸੂਰਜ ਦਿਸਦਾ ਸੀ, ਇਕੋ ਚੰਦਰਮਾ ਤੇ ਇਕੋ ਹੀ ਇੰਦਰ ਸੀ। ਪਰ ਸੁਰਤ ਦੇ ਗਿਆਨ ਖੇਤਰ ਵਿਚ ਆਣ ਕੇ ਪਤਾ ਲਗ ਰਿਹਾ ਹੈ ਕਿ ਇਹ ਸਭ ਅਨਗਿਣਤ ਹਨ। ਅਨੰਤ ਹੀ ਦੇਵੀ ਦੇਵਤੇ ਤੇ ਅਨੰਤ ਸਿਧ ਬੁੱਧ ਨਾਥ ਨੇ। ਅਨੇਕਾਂ ਹੀ ਦੇਵ ਤੇ ਦਾਨਵ ਨੇ ਅਤੇ ਅਨੇਕਾਂ ਹੀ ਮੁਨੀ ਨੇ। ਬੇਅੰਤ ਸਮੁੰਦਰ ਨੇ ਤੇ ਉਹ ਬੇਅੰਤ ਹੀ ਰਤਨਾਂ ਦਾ ਭੰਡਾਰ ਨੇ। ਏਥੇ ਖਾਣੀਆਂ ਬਾਣੀਆਂ ਵੀ ਬੇਹਿਸਾਬ ਨੇ; ਕਿਉਂਕਿ ਸ੍ਰਿਸ਼ਟੀਆਂ, ਮਹਾਂ-ਸ੍ਰਿਸ਼ਟੀਆਂ ਤੇ ਸਮਸ਼ਟੀ ਮਹਾਂ-ਸ੍ਰਿਸ਼ਟੀਆ ਵੀ ਬੇਓੜਕ ਨੇ, ਜਦੋਂਕਿ ਓਥੇ ਚਾਰ ਹੀ ਖਾਣੀਆਂ ਨੇ ਤੇ ਚਾਰ ਹੀ ਬਾਣੀਆਂ ਦੀ ਗੱਲ ਸੀ।

ਜਿਵੇਂ ਪਿੱਛੇ ਅਸੀਂ ਅਰਧ ਮਾਤ੍ਰਾ ਦੀ ਚਰਚਾ ਕਰ ਆਏ ਹਾਂ—ਇਸ ਵਿਰਾਟ ਦਾ ਅਨੁਭਵ ਸਾਧਕ ਨੂੰ ਓਦੋਂ ਹੀ ਹੁੰਦਾ ਹੈ ਜਦੋਂ ਉਹ ਸਮਾਧੀ ਵਿਚ ਸੁਰਤਿ ਰਾਹੀਂ ਸ਼ਬਦ ਵਿਚ ਦੀ ਅਗਲੀ ਯਾਤ੍ਰਾ ਤੇ ਜਾਂਦਾ ਹੈ ਇਕ ਮਾਤ੍ਰਾ ਰੂਪੀ ਬਿੰਦੂ ਨੂੰ ਅਰਧ ਮਾਤ੍ਰਾ ਦੇ ਕ੍ਰਮ ਨਾਲ ਲਗਾਤਾਰ ਟੁਟਦਿਆਂ ਵੇਖਦਾ ਹੈ।

ਇਕ ਮਾਤ੍ਰਾ ਰੂਪੀ ਬਿੰਦੂ ਬਾਰੇ ਮਹਾਂ ਮਹੋਪਾਧਿਆਏ ਸ੍ਰੀ ਗੋਪੀ ਨਾਥ ਕਵੀ ਰਾਜ ਜੀ ਜਿਵੇਂ ਦੱਸਦੇ ਨੇ, ਉਸ ਹਿਸਾਬ ਇਹ ਇਕ ਬਿੰਦੂ ਪਹਿਲਾ 'ਸ਼ੁੰਨ' ਵੀ ਹੈ ਅਤੇ ਦੂਜਾ 'ਸ਼ੁੰਨ' ਵੀ ਹੈ।

"ਮਨ ਉਪਰ ਉਠ ਕੇ ਜੇ ਇਕ ਮਾਤ੍ਰਾ ਵਿਚ ਸਥਿਰ ਹੋ ਜਾਏ ਤਾਂ ਉੱਪਰ ਵੱਲੋਂ ਉਸ ਵਿਚ ਗੁਰੂ ਕਿਰਪਾ-ਰੂਪੀ ਚਿਦ੍ ਰਸ਼ਮੀ (ਚੇਤਨਯ ਕਿਰਨ) ਦੀ ਫ਼ੁਹਾਰ ਪੈਂਦੀ ਹੈ। ਉਸ ਦੇ ਕਾਰਨ ਇਕ ਮਾਤ੍ਰਾ ਦੇ ਟਿਕਾਓ ਸਮੇਂ ਇਕ ਮਾਤ੍ਰਾ ਦੇ ਰੂਪ ਵਿਚ ਅਖੁੱਟ ਰਹਿ ਕੇ ਵੀ ਵਿਸ਼ਵ ਤੋਂ ਉਪਰ ਉਹ 'ਅਰਧ ਮਾਤ੍ਰਾ' ਦੇ ਰੂਪ ਵਿਚ ਬਦਲਦੀ ਹੈ।

"ਏਥੋਂ ਸੀਮਾਹੀਨ ਅਨੰਤ ਵੱਲ ਨੂੰ ਗਤੀ ਦੀ ਸੂਚਨਾ ਮਿਲਦੀ ਹੈ। ਦਿੱਵ ਅਨੁਭੂਤੀ ਦਾ ਆਰੰਭ ਹੁੰਦਾ ਹੈ। ਚਿਦ੍ ਰਸ਼ਮੀ ਦੀ ਫੁਹਾਰ ਦੇ ਵਧਣ ਨਾਲ ਮਾਤ੍ਰਾ ਦੇ ਟੁਟਦੇ ਅੰਸ਼ ਵਧਦੇ ਜਾਂਦੇ ਹਨ ਅਰਥਾਤ ਮਾਤ੍ਰਾ ਦਾ ਅੰਸ਼ ਲਗਾਤਾਰ ਮਹੀਨ ਤੋਂ ਮਹੀਨ ਹੋਈ ਜਾਂਦਾ ਹੈ ਅਤੇ ਫਲਸਰੂਪ ਚੇਤਨਯ ਲਗਾਤਾਰ ਵੱਧ ਤੋਂ ਵੱਧ ਉੱਜਲਾ ਅਤੇ ਸਪਸ਼ਟ ਹੋਈ ਜਾਂਦਾ ਹੈ।

"ਜਿਸ ਸਥਾਨ ਤੇ ਚਿਦ੍ ਰਸ਼ਮੀ ਦੀ ਫੁਹਾਰ ਪੈਂਦੀ ਹੈ, ਉਸ ਨੂੰ ਇਕ ਮਾਤ੍ਰਾ ਅਤੇ 'ਅੱਧੀ ਮਾਤ੍ਰਾ' ਦੀ ਸੰਧੀ ਸਮਝਣਾ ਚਾਹੀਦਾ ਹੈ। ਉਪਰੋਂ ਇਕ ਮਾਤ੍ਰਾ ਵਿਚ ਉਨ੍ਹਾਂ ਰਿਸ਼ਮਾਂ ਦੇ ਪੈਣ ਤੇ ਉਪਰ ਵੱਲ ਨੂੰ ਇਕ ਮਾਤ੍ਰਾ ਟੁਟਣੀ ਸ਼ੁਰੂ ਹੋ ਜਾਂਦੀ ਹੈ, ਪਰ ਹੇਠਲੇ ਪਾਸੇ ਨੂੰ ਇਕ ਮਾਤ੍ਰਾ ਅਖੁੱਟ ਹੀ ਰਹਿੰਦੀ ਹੈ।

"ਇਹ ਇਕ ਮਾਤ੍ਰਾ ਹੀ ਸਾਰੇ ਸਥੂਲ ਵਿਸ਼ਵ ਦਾ ਮੱਧ ਬਿੰਦੂ ਹੈ। ਲੌਕਿਕ ਵਿਸ਼ਾਲ ਜਗਤ ਇਸ ਇਕ ਮਾਤ੍ਰਾ ਵਿਚ ਸਿਮਟ ਜਾਂਦਾ ਹੈ ਅਤੇ ਏਥੋਂ ਹੀ ਪ੍ਰਬੁੱਧ ਹੋ ਕੇ ਦਸਾਂ ਦਿਸ਼ਾਵਾਂ ਵਿਚ ਅਨੇਕਾਂ ਪੱਧਰਾਂ ਉਪਰ ਫੈਲ ਜਾਂਦਾ ਹੈ। ਇਸ ਇਕ ਮਾਤ੍ਰਾ ਨੂੰ ਇਕ ਦ੍ਰਿਸ਼ਟੀ ਤੋਂ ਸੁਸ਼ੁਪਤੀ (ਸਮਾਧੀ) ਦੀ ਦਸ਼ਾ ਬਰਾਬਰ ਵੀ ਆਖ ਸਕਦੇ ਹਾਂ। ਉਸੇ ਦ੍ਰਿਸ਼ਟੀ ਤੋਂ ਅਰਧ ਮਾਤ੍ਰਾਵਾਂ ਨੂੰ ਤੁਰੀਯਾ ਅਤੇ ਤੁਰੀਯਾਤੀਤ ਅਵਸਥਾ ਦੇ ਝਾਉਲਿਆਂ ਨੂੰ ਦਰਸਾਉਣ ਵਾਲੀਆਂ ਆਖਿਆ ਜਾ ਸਕਦਾ ਹੈ।

ਪਹਿਲਾਂ ਅਸੀਂ ਜਿਸ ਬਿੰਦੂ ਦੀ ਗੱਲ ਕਰ ਆਏ ਹਾਂ ਓਹੋ ਹੀ ਮਾਤ੍ਰਾ ਤੋਂ ਮਾਤ੍ਰਾਹੀਨ ਵਿਚ ਜਾਣ ਦਾ ਦਵਾਰ ਹੈ। ਏਥੇ ਗਿਆਨੀ, ਗਿਆਨ ਦਾ ਵਿਸ਼ੇ ਅਤੇ ਗਿਆਨ ਏਕਾਕਾਰ ਹੋ ਜਾਂਦੇ ਨੇ ਅਤੇ ਨਿਰਾਲੰਬ ਭਾਵ (ਸਹਾਰੇ ਤੋਂ ਰਹਿਤ ਭਾਵ) ਦਾ ਅਰੰਭ ਹੋ ਜਾਂਦਾ ਹੈ। ਨਾਲ ਹੀ ਨਾਲ ਮਾਤ੍ਰਾ ਦੇ ਟੁਟਣ ਕਰਕੇ ਅਰਧ ਮਾਤ੍ਰਾ ਦਾ ਉਦਯ ਹੁੰਦਾ ਜਾਂਦਾ ਹੈ। ਇਸੇ ਭੂਮੀ ਤੋਂ ਈਸ਼ਵਰ ਭਾਵ ਦੀ ਅਗਾਊਂ ਸੂਚਨਾ ਪ੍ਰਾਪਤ ਹੁੰਦੀ ਹੈ। ਇਹ ਨੂਰਾਨੀ ਏਕਾਕਾਰਤਾ ਹੀ 'ਸ਼ੁੰਨ' ਹੈ। ਏਥੇ ਭੇਦ ਬੋਧ ਪੂਰੀ ਤਰ੍ਹਾਂ ਹਟਦਾ ਨਹੀਂ, ਪਰ ਸਿਲਸਿਲੇਵਾਰ ਲਗਾਤਾਰ ਹਟਣਾ ਸ਼ੁਰੂ ਹੋ ਜਾਂਦਾ ਹੈ। ਅਸਲ ਵਿਚ ਇਹ ਦੂਸਰਾ 'ਸ਼ੁੰਨ' ਹੋਣ ਤੇ ਵੀ ਸੰਸਾਰਕ ਅਵਸਥਾ ਤੋਂ ਉਪਰ ਇਹੋ ਹੀ ਪਹਿਲਾ 'ਸ਼ੁੰਨ' ਹੈ।"

('ਜਪ ਵਿਗਿਆਨ' ਸ੍ਰੀ ਗੋਪੀਨਾਥ ਕਵੀਰਾਜ ਜੀ)



Sri Satguru Jagjit Singh Ji eLibrary NamdhariElibrary@gmail.com

ਕਵੀ ਰਾਜ ਜੀ ਦੇ ਉਪਰੋਕਤ ਕਥਨ ਦੀ ਰੌਸ਼ਨੀ ਵਿਚ ਵੇਖਿਆਂ ਬਿੰਦੂ ਦੀ ਅਰਧ ਮਾਤ੍ਰਾ ਤੋਂ ਜਪੁਜੀ ਸਾਹਿਬ ਦਾ ਦੂਜਾ ਖੰਡ ਸ਼ੁਰੂ ਹੋ ਜਾਦਾ ਹੈ ਜੋ ਕਿ ਅਰਧ ਚੰਦਰ ਵਿਚ ਕਾਇਮ ਰਹਿੰਦਾ ਹੋਇਆ ਨਿਰੋਧਿਨੀ ਭੂਮੀ ਨਾਮਕ ਦੂਜੇ ਸੁੰਨ ਤਕ ਫੈਲਿਆ ਮਿਲਦਾ ਹੈ।

## ਨਿਰੋਧਿਨੀ ਸ਼ੁੱਧ ਜਗਤ ਦਾ ਦੂਜਾ ਸ਼ੁੰਨਯ
## ਜਪੁਜੀ ਸਾਹਿਬ ਦਾ ਤੀਜਾ ਖੰਡ

ਨਿਰੋਧਿਨੀ ਤੋਂ ਜਪੁਜੀ ਸਾਹਿਬ ਦਾ ਤੀਜਾ ਖੰਡ ਅਰੰਭ ਹੋ ਜਾਂਦਾ ਹੈ। ਤੀਜੇ ਖੰਡ ਦੀ ਬਾਣੀ ਵਿਚ ਪਹਿਲਾਂ ਗਿਆਨ ਖੰਡ ਨਾਲ ਜੁੜਵੀਆਂ ਦੋ ਪੰਕਤੀਆਂ ਹਨ ਤੇ ਫਿਰ ਸਰਮ ਖੰਡ ਦੀ ਬਾਣੀ :

ਗਿਆਨ ਖੰਡ ਮਹਿ ਗਿਆਨੁ ਪਰਚੰਡੁ।
ਤਿਥੈ ਨਾਦ ਬਿਨੋਦ ਕੋਡ ਅਨੰਦੁ
ਸਰਮ ਖੰਡ ਕੀ ਬਾਣੀ ਰੂਪੁ।
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ।
ਤਾਕੀਆ ਗਲਾ ਕਥੀਆ ਨਾ ਜਾਹਿ।
ਜੇ ਕੋ ਕਹੈ ਪਿਛੈ ਪਛੁਤਾਇ।
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ।
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ।

ਇਸ ਪੌੜੀ ਦੀਆਂ ਪਹਿਲੀਆਂ ਦੋ ਪੰਕਤੀਆਂ ਵਿਚ ਉਸ ਵਿਰਾਟਤਾ ਦੇ ਅਨੁਭਵ ਤੋਂ ਥੋੜ੍ਹਾ ਉਪਰ ਦੀ ਜਾਣਕਾਰੀ ਦਿੱਤੀ ਗਈ ਹੈ ਜਿਸ ਵਿਰਾਟਤਾ ਅਤੇ ਅਨੰਤਤਾਂ ਦਾ ਵਰਨਣ ਗਿਆਨ ਖੰਡ ਵਾਲੀ ਪੌੜੀ ਵਿਚ ਕੀਤਾ ਗਿਆ ਹੈ। ਸਰਮ ਖੰਡ ਵਾਲੀ ਪੌੜੀ ਦੀਆਂ ਪਹਿਲੀਆਂ ਦੋ ਪੰਕਤੀਆਂ ਗਿਆਨ ਖੰਡ ਵਿਚ 'ਨਾਦ' 'ਬਿਨੋਦ' 'ਕੋਡ' ਤੇ 'ਅਨੰਦ' ਦੀ ਦੱਸ ਵੀ ਪਾਉਂਦੀਆਂ ਹਨ। ਵਿਰਾਟਤਾ ਅਤੇ ਅਨੰਤਤਾ ਦੇ ਅਨੁਭਵ ਵਿਚੋਂ ਲੰਘਦਿਆਂ ਸਾਧਕ ਨੂੰ ਉਸੇ ਖੰਡ ਵਿਚ ਹੀ ਨਾਦ ਬਿਨੋਦ ਕੋਡ ਤੇ ਅਨੰਦ ਦਾ ਅਨੁਭਵ ਵੀ ਹੋਣ ਲਗ ਜਾਂਦਾ ਹੈ। ਇਹ ਸਾਧਕ ਦੀ ਸੁਰਤਿ ਤੇ ਲਗਾਤਾਰ ਵਿਕਾਸ ਦੀ ਹੀ ਅਵਸਥਾ ਹੈ।

'ਨਾਦ' ਤੇ 'ਸਬਦ' ਪਰਯਾਯਵਾਚੀ ਹੋਣ ਦੇ ਬਾਵਜੂਦ ਸ਼ਬਦ ਤੇ ਨਾਦ ਦੇ ਪ੍ਰਗਟਾਵੇ ਵਿਚ ਕੁਝ ਫ਼ਰਕ ਹੈ। 'ਨਾਦ' ਸਾਡੇ ਅੰਦਰ ਦੀ ਵਸਤ ਹੈ—ਜਦੋਂ ਕਿ ਸ਼ਬਦ ਅੰਦਰ ਤੇ ਬਾਹਰ ਦੋਹਾਂ ਪੱਖਾਂ ਦੀ। ਬੇਸ਼ੱਕ 'ਨਾਦ' ਦਾ ਵੀ ਬਾਹਰੀ ਪ੍ਰਗਟਾਵਾ ਅਨੁਭਵ ਵਿਚ ਆਉਂਦਾ ਹੈ ਪਰ ਉਸ ਦਾ ਬਾਹਰੀ ਪ੍ਰਗਟਾਵਾ 'ਨਾਦ ਬ੍ਰਹਮ' ਦੇ ਕੁਦਰਤੀ ਰੂਪਾਂ ਵਿਚ ਹੀ ਹੁੰਦਾ ਹੈ। ਜਿਵੇਂ ਕਿ ਨਦੀ ਦੀ ਗਰਜਵੀਂ ਧੁਨਿ ਵਿਚ, ਜੰਗਲ ਦੇ ਸਨਾਟੇ ਵਿਚ ਜਾਂ ਸੰਗੀਤ ਦੀਆਂ ਬ੍ਰਹਮਮੁਖੀ ਧੁਨਾਂ ਵਿਚ। ਜਦੋਂ ਕਿ 'ਸ਼ਬਦ' ਦਾ ਬੈਖਰੀ ਰੂਪ ਹਰ ਤਰ੍ਹਾਂ ਦੀਆਂ ਆਵਾਜ਼ਾਂ, ਹਰ ਤਰ੍ਹਾਂ ਦੀਆਂ ਲਿਖਤਾਂ ਵਿਚ ਵੇਖਿਆ ਸੁਣਿਆਂ ਜਾ ਸਕਦਾ ਹੈ। 'ਨਾਦ-ਪਰਨਾਦ', 'ਮਹਾਂਨਾਦ' 'ਨਾਦ' ਅਤੇ 'ਸਥੂਲ ਨਾਦ' ਦੇ ਰੂਪ ਵਿਚ ਵੱਖ ਵੱਖ ਅਵਸਥਾਵਾਂ ਅੰਦਰ ਅਨੁਭਵ ਹੁੰਦਾ ਹੈ। ਪਹਿਲਾਂ ਨਾਦ ਹੀ ਹੈ—ਜੋ ਮਹਾਂ ਸ਼ੁੰਨਯ ਅਤੇ ਮਹਾਂ ਆਕਾਸ਼ ਰੂਪ ਵਿਚ ਮਹਾਂ ਕਾਲ ਦੇ ਨਾਸ਼ ਨਾਲ ਪ੍ਰਗਟ ਹੁੰਦਾ ਹੈ। ਸਬਦ ਨਾਦ ਦੀ ਜਾਂ ਮਹਾਂ ਆਕਾਸ਼ ਦੀ ਤਨਮਾਤ੍ਰਾ ਜਾਂ ਗੁਣ ਹੈ।

ਸਥੂਲ ਜਗਤ ਵਿਚ ਨਾਦ ਵੀ ਸਥੂਲ ਰੂਪ ਵਿਚ ਨੌਂ ਪ੍ਰਕਾਰ ਦਾ ਨੌਂ ਧੁਨੀਆਂ ਵਾਲਾ ਹੈ ਅਤੇ ਸ਼ੁੱਧ ਜਗਤ ਵਿਚ ਓਅੰਕਾਰ ਦੀਆਂ ਨੌਂ ਕਲਾਵਾਂ ਅਨੁਸਾਰ ਨਾਦ ਵੀ ਨੌਂ ਧੁਨੀਆਂ ਵਿਚ ਹੀ ਪ੍ਰਗਟ ਹੁੰਦਾ ਹੈ। ਸੂਖਮ ਜਗਤ ਜੋ ਕਿ ਆਗਿਆ ਚੱਕਰ ਦੇ ਬਿੰਦੂ ਤੋਂ ਸੁੰਨ ਰੂਪ ਵਿਚ ਸ਼ੁਰੂ ਹੁੰਦਾ ਹੈ ਅਤੇ ਜਪੁਜੀ ਸਾਹਿਬ ਦੇ ਪਹਿਲੇ ਤੇ ਦੂਜੇ ਖੰਡ ਦੇ ਵਿਚਕਾਰ ਹੈ—ਓਥੋਂ ਹੀ ਅੰਤਰੀਵ ਨਾਦ ਦੀ ਛੋਹ ਵੀ ਮਹਿਸੂਸ ਹੋਣੀ ਸ਼ੁਰੂ ਹੋ ਜਾਂਦੀ ਹੈ। ਭਾਵੇਂ ਕਿ ਨਾਦ ਦੀ ਅਰੰਭਕ ਭੂਮੀ ਨਿਰੋਧਿਕਾ ਤੋਂ ਬਾਅਦ ਹੈ—ਪਰ ਅੰਤਰੀਵ ਨਾਦ ਦਾ ਪਸਾਰਾ ਪਹਿਲੀ ਕਲਾ ਤੋਂ ਹੀ ਅਨੁਭਵ ਵਿਚ ਆਉਣ ਲਗ ਜਾਂਦਾ ਹੈ।

'ਤਿਥੈ ਨਾਦ ਬਿਨੋਦ ਕੋਡ ਅਨੰਦੁ।' ਵਾਲਾ ਨਾਦ ਇਹੋ ਹੀ ਹੈ। ਅਤੇ 'ਬਿਨੋਦ' ਹੈ 'ਲੀਲ੍ਹਾ'। 'ਕੋਡ' 'ਕੌਤੁਕ' ਹੈ ਅਤੇ ਆਨੰਦ—ਓਹੋ ਅਨੰਦ ਹੈ ਜੋ ਅਨੁੱਤਰ ਰੂਪ 'ਚਿਤ੍ਕਲਾ' ਦੇ 'ਅ' ਵਰਨ ਦੇ ਅੰਦਰੋਂ ਹੀ ਦੂਸਰੇ 'ਅ' ਵਰਨ ਦੇ ਰੂਪ ਵਿਚ ਪਰਗਟ ਹੋ ਕੇ 'ਆਨੰਦ' ਸਰੂਪ ਧਾਰ ਕੇ ਉਮ੍ਹਲਦਾ ਹੈ ਅਤੇ ਫਿਰ 'ਇਕ' ਤੋਂ 'ਬਹੁ' ਹੋ ਜਾਣ ਦੀ ਇੱਛਾ ਜਾਗਦਿਆਂ ਹੀ ਜਿਸ ਅਨੰਦ ਦੇ ਕਣ ਬਾਹਰ ਨੂੰ ਬਿਖਰ ਕੇ ਗਵਾਚ ਜਾਂਦੇ ਹਨ। ਉਸ ਆਨੰਦ ਦੀ ਭਾਲ ਵਿਚ ਇੱਛਾ ਪ੍ਰਬਲ ਹੁੰਦੀ, ਗਿਆਨ ਦੇ ਜਾਗਣ ਨਾਲ ਆਪਣੀ ਹੋਂਦ ਦਾ ਭੇ ਪਸਾਰੇ ਦਾ ਅਹਿਸਾਸ ਪੈਦਾ ਹੁੰਦਾ ਤੇ



Sri Satguru Jagjit Singh Ji eLibrary NamdhariElibrary@gmail.com

ਫਿਰ ਕ੍ਰਿਯਾ ਸ਼ਕਤੀ ਰਾਹੀਂ ਉਸ ਦਾ ਫੈਲਾਓ ਹੁੰਦਾ ਹੈ। ਜਗਤ ਰੂਪ ਵਿਚ ਫੈਲਦੇ ਉਨ੍ਹਾਂ ਆਨੰਦ ਕਣਾਂ ਦੀ ਭਾਲ ਜਾਰੀ ਰਹਿੰਦੀ ਹੈ—ਪਰ ਉਹ ਆਨੰਦ ਕਦੇ ਕਦਾਈਂ ਛਿਣ ਭੰਗਰ ਸੁਖਾਂ ਦੇ ਰੂਪ ਵਿਚ ਹੀ ਜੀਵ ਨੂੰ ਮਹਿਸੂਸ ਹੁੰਦਾ ਹੈ। ਜੀਵ ਨੂੰ ਆਪਣੇ ਸ੍ਵਰੂਪ ਵਿਚ ਵਾਪਸੀ ਦੀ ਯਾਤ੍ਰਾ ਸਮੇਂ ਹੀ ਮੁੜਕੇ ਉਸ ਆਨੰਦ ਦਾ ਝਲਕਾਰਾ ਆਗਿਆ ਚੱਕਰ ਵਾਲੇ ਬਿੰਦੂ ਵਿਚੋਂ ਮਿਲਦਾ ਹੈ। ਅਨੰਦ ਦਾ ਇਹ ਪਸਾਰ ਬੇਸ਼ੱਕ ਆਦਿ ਤੋਂ ਅੰਤ ਤਕ ਜਾਰੀ ਰਹਿੰਦਾ ਹੈ, ਪਰ ਰਹਿੰਦਾ ਹੈ ਸੁਖ ਦੇ ਛਿਣ ਭੰਗਰ ਰੂਪਾਂ ਵਿਚ ਹੀ। ਸਥਾਈ ਆਨੰਦ ਦੀ ਪਹਿਲੀ ਝਲਕ ਸਾਧਕ ਨੂੰ ਆਗਿਆ ਚੱਕਰ ਦੇ ਬਿੰਦੂ ਖੇਤਰ ਵਿਚੋਂ ਹੀ ਮਿਲਣੀ ਸ਼ੁਰੂ ਹੁੰਦੀ ਹੈ ਜਿਸਦੀ ਭਰਪੂਰਤਾ ਆਪਣੇ ਮੂਲ ਸ੍ਵਰੂਪ ਵਿਚ ਮਿਲਣ ਦੀ ਉਰਧ ਯਾਤ੍ਰਾ ਵਿਚ ਲਗਾਤਾਰ ਵਧਦੀ ਜਾਂਦੀ ਹੈ।

## ਸਰਮ ਖੰਡ

ਅਗੋਂ ਸਰਮ ਖੰਡ ਦਾ ਅਰੰਭ ਹੁੰਦਾ ਹੈ। ਅਸੀਂ 'ਸਰਮ' ਸ਼ਬਦ ਨੂੰ ਸ਼੍ਰਮ ਜਾਂ ਮੇਹਨਤ ਦੇ ਅਰਥ ਵਿਚ ਹੀ ਵੇਖਾਂਗੇ। ਮੇਨਹਤ ਦਾ ਇਸ ਖੰਡ ਨਾਲ ਖ਼ਾਸ ਹੀ ਸੰਬੰਧ ਹੈ।

ਉਂਜ ਤਾਂ ਮੇਹਨਤ ਹਰ ਨੱਕੇ ਨੂੰ ਪਾਰ ਕਰਨ ਸਮੇਂ ਹੁੰਦੀ ਹੀ ਏ। ਜਿਵੇਂ ਕਿ ਸਥੂਲ ਜਗਤ ਦੇ ਪੰਜਾਂ ਚੱਕਰਾਂ ਵਿਚੋਂ ਹਰ ਚੱਕਰ ਨੂੰ ਖੋਹਲਣ ਲਈ ਜਪ-ਧਿਆਨ ਭਰਪੂਰ ਮਾਤ੍ਰਾ ਵਿਚ ਕਰਨਾ ਪੈਂਦਾ ਹੈ। ਛੇਵੇਂ ਆਗਿਆ ਚੱਕਰ ਦੇ ਬਿੰਦੂ ਦੀ ਇਕ ਮਾਤ੍ਰਾ ਤੋਂ ਅਰਧ ਮਾਤ੍ਰਾ ਵਿਚ ਜਾਣ ਸਮੇਂ ਵੀ ਭਾਰੀ ਮੇਹਨਤ ਕਰਨੀ ਪੈਂਦੀ ਹੈ—ਫਿਰ ਵੀ ਉਹ ਮੇਹਨਤ ਤਦ ਹੀ ਹੁੰਦੀ ਹੈ, ਜੇ ਗੁਰੂ ਦੀ ਕਿਰਪਾ ਦਾ ਸਹਾਰਾ ਮਿਲੇ ਤਾਂ। ਵਜਹ ਇਕੋ ਹੈ ਕਿ ਹਰ ਨੱਕੇ ਉਪਰ ਸੰਸਕਾਰਾਂ ਦੀ ਅਤੇ ਦੇਵੀ ਤੇ ਅਦੇਵੀ ਸ਼ਕਤੀਆਂ ਵੱਲੋਂ ਰੁਕਾਵਟ ਪਾਈ ਜਾਂਦੀ ਹੈ। ਪਹਿਲਾਂ ਸਥੂਲ ਜਗਤ ਵਿਚ ਸੰਸਾਰਕ ਲੋਭ ਲਾਲਚ ਤੇ ਕਾਮਨਾਵਾਂ ਰੁਕਾਵਟ ਬਣਦੀਆਂ ਹਨ—ਫਿਰ ਸੂਖਮ ਸ਼ੁੱਧ ਜਗਤ ਵਿਚ ਸ਼ੁੱਧ ਵਿਕਲਪ ਵੀ ਓਵੇਂ ਹੀ ਰੁਕਾਵਟ ਬਣਦੇ ਹਨ। ਸੰਕਲਪ-ਵਿਕਲਪ ਭਾਵੇਂ ਅਸ਼ੁੱਧ ਹੋਣ ਤੇ ਭਾਵੇਂ ਸ਼ੁੱਧ ਇਨ੍ਹਾਂ ਦੀ ਸਮਾਪਤੀ ਸਾਧਕ ਲਈ ਜ਼ਰੂਰੀ ਹੁੰਦੀ ਹੈ। ਏਸੇ ਤਰ੍ਹਾਂ ਪਹਿਲਾਂ ਗਿਆਨ ਚੇਤਨਾ ਨਾਲ ਅਗਿਆਨ ਨੂੰ ਖ਼ਤਮ ਕਰਨਾ ਜ਼ਰੂਰੀ ਹੁੰਦਾ ਹੈ। ਫਿਰ ਗਿਆਨ ਦੇ ਖੇਤਰ ਵਿਚ ਪਹੁੰਚ ਕੇ ਉਸ ਤੋਂ ਅਗਾਂਹ ਉਸ ਗਿਆਨ ਨੂੰ ਵੀ ਤਿਆਗ ਕੇ ਗਿਆਨਾਤੀਤ ਅਵਸਥਾ ਵਿਚ ਜਾਣਾ ਹੁੰਦਾ ਹੈ। ਏਸੇ ਤਰ੍ਹਾਂ ਸੁਖ-ਦੁਖ ਦੋਹਾਂ ਤੋਂ ਅਤੀਤ ਅਤੇ ਆਨੰਦ ਤੋਂ ਵੀ ਪਰੇ ਆਨੰਦਾਤੀਤ ਅਵਸਥਾ ਵਿਚ ਪਹੁੰਚਣਾ ਹੀ ਸਾਧਕ ਦੀ ਸਫਲ ਯਾਤ੍ਰਾ ਹੈ। ਸਾਧਕ ਲਈ ਹਰ ਸ਼ੂੰਨ ਦੀ ਪ੍ਰਾਪਤੀ ਪਹਿਲਾਂ ਯਾਤ੍ਰਾ ਦੀ ਸਫਲਤਾ ਦੀ ਨਿਸ਼ਾਨੀ ਹੁੰਦੀ ਹੈ, ਫਿਰ ਉਸ ਸੁੰਨ ਦੀ ਪਕੜ ਉਸ ਦੇ ਅਟਕਣ ਦਾ ਕਾਰਨ ਵੀ। ਇਸ ਕਰਕੇ ਸਾਧਕ ਲਈ ਹਰ 'ਸੁੰਨ' ਤੱਕ ਦੀਆਂ ਪ੍ਰਾਪਤੀਆਂ ਨੂੰ ਉਸੇ ਸੁੰਨ ਵਿਚ ਅਰਪਣ ਕਰਕੇ ਅਗਾਂਹ ਜਾਣਾ ਜਰੂਰੀ ਬਣ ਜਾਂਦਾ ਹੈ। ਪਹਿਲਾਂ ਸਥੂਲ ਦੀ ਚਿੱਤ ਸ਼ੁੱਧੀ ਕਰਕੇ ਜਦੋਂ ਸਾਧਕ ਅਗਾਂਹ ਵਧਦਾ ਹੈ ਤਾਂ 'ਨਿਰੋਧਿਕਾ' ਇਕ ਜ਼ਬਰਦਸਤ ਰੁਕਾਵਟ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਇਸ ਸਾਰੀ ਯਾਤ੍ਰਾ ਵਿਚ 'ਨਿਰੋਧਿਕਾ' ਦਾ ਨਾਕਾ ਹੀ ਸਭ ਤੋਂ ਸਖ਼ਤ ਨਾਕਾ ਹੈ। ਨਿਰੋਧਿਕਾ ਜਾਂ ਨਿਰੋਧਿਨੀ ਦਾ ਅਰਥ ਹੀ 'ਰੁਕਾਵਟ' ਜਾਂ 'ਰੋਧ' ਹੈ। ਇਸ ਨਾਕੇ ਤੋਂ ਸਥੂਲ ਜਗਤ ਤੇ ਜਗਤਪਤੀਆਂ, ਬ੍ਰਹਮਾ ਵਿਸ਼ਣੂ ਆਦਿ ਨੂੰ ਵੀ ਸੌਖਿਆਂ ਹੀ ਅਗਾਂਹ ਜਾਣ ਦੀ ਇਜਾਜ਼ਤ ਨਹੀਂ ਮਿਲਦੀ। ਏਥੇ ਭਰਪੂਰ ਮੇਹਨਤ ਅਤੇ ਉਪਰੋਂ ਗੁਰੂ ਪਾਦੁਕਾ ਦੀ ਕ੍ਰਿਪਾ ਭਰੀ ਹਾਮੀ ਦਾ ਹੁੰਗਾਰਾ ਮਿਲਣ ਤੇ ਹੀ ਇਹ ਅਗਾਂਹ ਜਾ ਸਕਦੇ ਹਨ। ਕਾਰਨ ਇਹ ਹੈ ਕਿ ਜੇ ਇਕ ਵਾਰੀ ਇਹ ਜਗਤਪਤੀ ਨਿਰੋਧਿਨੀ ਦਾ ਨਾਕਾ ਪਾਰ ਕਰ ਜਾਣ ਤਾਂ ਮੁੜ ਕੇ ਜਗਤ ਪਤੀ ਦਾ ਕਾਰਜ ਨਹੀਂ ਕਰ ਸਕਦੇ, ਉਨ੍ਹਾਂ ਦਾ ਮੁਕਤ ਦਵਾਰਾ ਖੁਲ੍ਹ ਜਾਂਦਾ ਹੈ।

ਇਸ ਖੰਡ ਵਿਚ ਮੇਹਨਤ ਜਦੋਂ ਰੂਪਮਾਨ ਹੁੰਦੀ ਹੈ ਤਾ ਅਨੂਪਮ ਘਾੜਤਾਂ ਦ੍ਰਿਸ਼ਟੀਗੋਚਰ ਹੁੰਦੀਆਂ ਨੇ। ਇਹ ਘਾੜਤਾਂ ਅਨੂਪ ਜਾਂ ਅਨੂਪਮ ਇਸ ਲਈ ਕਹੀਆਂ ਗਈਆਂ ਨੇ ਕਿ ਇਨ੍ਹਾਂ ਦੀ ਤੁਲਨਾ ਪਿੱਛੇ ਰਹਿ ਗਏ ਜਗਤ ਦੀ ਕਿਸੇ ਵੀ ਰਚਨਾ ਜਾਂ ਘ ੜਤ ਨਾਲ ਨਹੀਂ ਹੋ ਸਕਦੀ। ਇਹ ਉਪਮਾ ਜਾਂ ਤੁਲਨਾ ਤੋਂ ਅਤੀਤ ਹਨ, ਅਕਥ ਹਨ, ਇਨ੍ਹਾਂ ਦਾ ਵਰਨਣ ਨਹੀਂ ਹੋ ਸਕਦਾ। ਜੇ ਕੋਈ ਵਰਨਣ ਕਰਨਾ ਚਾਹੇ ਤਾਂ ਉਸ ਨੂੰ ਇਸ ਕੋਸ਼ਿਸ਼ ਦੀ ਅਸਫਲਤਾ ਦਾ ਪਛਤਾਵਾ ਹੀ ਹੋਵੇਗਾ।

ਓਥੇ ਸੁਰਤਿ, ਮਤਿ, ਮਨ ਤੇ ਬੁੱਧਿ ਦੀ ਨਵੇਂ ਸਿਰੇ ਓਥੋਂ ਦੀ ਮਰਯਾਦਾ ਅਨੁਸਾਰ ਘਾੜਤ ਹੁੰਦੀ ਹੈ। ਓਥੇ ਉਸ ਪਿਛਲੀ ਸਾਰੀ ਸਾਧਨਾ ਤੇ ਪ੍ਰਾਪਤੀਆਂ ਦਾ ਵੀ ਅਰਪਨ ਕਰਨਾ ਪੈਂਦਾ ਹੈ ਜੋ ਸਥੂਲ ਜਗਤ ਦੇ ਸੰਸਕਾਰਾਂ ਨਾਲ ਜੁੜੀਆਂ ਹੁੰਦੀਆਂ ਨੇ। ਹੋਰ ਤਾਂ ਹੋਰ ਏਥੋਂ ਦੇਵਤੇ ਅਤੇ ਸਿੱਧ ਪੁਰਸ਼ ਵੀ ਆਪਣੀ ਪਿਛਲੀ ਸੁਧ ਬੁਧ ਤੇ ਮਤ ਨਾਲ ਅਗਾਂਹ ਨਹੀਂ ਜਾ ਸਕਦੇ। ਸਭਨਾਂ ਨੂੰ ਹੀ ਇਸ 'ਸੁੰਨ' ਵਿਚ



Sri Satguru Jagjit Singh Ji eLibrary NamdhariElibrary@gmail.com

ਪਿਛਲੀ ਕਮਾਈ ਅਰਪਤ ਕਰਨੀ ਪੈਂਦੀ ਹੈ ਤੇ ਓਥੋਂ ਦੀ ਨਵੀਂ ਘਾੜਤ ਉਸ ਖੇਤਰ ਵਿਚ ਨਵੇਂ ਸਿਰੇ ਹੁੰਦੀ ਹੈ।

### ਕਰਮ ਖੰਡ—ਨਾਦਾਂਤ ਭੂਮੀ ਦਾ ਤੀਜਾ ਸੁੰਨ

ਚੌਥੇ ਕਰਮ ਖੰਡ ਵਾਲੀ ਪੌੜੀ ਵਿਚ ਪਿੱਛੇ ਰਹਿ ਗਏ ਸਰਮ ਖੰਡ ਦਾ ਕੋਈ ਅੰਸ਼ ਜਾਂ ਬਾਣੀ ਦੀ ਪੰਕਤੀ ਪਹਿਲਿਆਂ ਤਿੰਨਾਂ ਖੰਡਾਂ ਵਾਂਗ ਵੇਖਣ ਵਿਚ ਨਹੀਂ ਆਉਂਦੀ। ਇਸ ਦਾ ਕਾਰਨ ਹੈ **'ਅਰਪਨ'**। ਜਿਸ ਦਾ ਜ਼ਿਕਰ ਅਸੀਂ ਸਰਮ ਖੰਡ ਵਾਲੀ ਪੌੜੀ ਨੂੰ ਸਮਝਣ ਸਮੇਂ ਕਰ ਆਏ ਹਾਂ। ਏਥੋਂ ਅਗਾਂਹ ਦੀ ਯਾਤ੍ਰਾ ਕੇਵਲ ਸਾਹਮਣੇ ਤੇ ਉਪਰ ਵੱਲ ਵੇਖਣ ਅਤੇ ਕਰਮ ਦੀ ਯਾਤ੍ਰਾ ਹੈ:

ਕਰਮ ਖੰਡ ਕੀ ਬਾਣੀ ਜੋਰੁ।
ਤਿਥੈ ਹੋਰੁ ਨ ਕੋਈ ਹੋਰੁ।
ਤਿਥੈ ਜੋਧ ਮਹਾ ਬਲ ਸੂਰ।
ਤਿਨ ਮਹਿ ਰਾਮੁ ਰਹਿਆ ਭਰਪੂਰ।
ਤਿਥੈ ਸੀਤੋ ਸੀਤਾ ਮਹਿਮਾ ਮਾਹਿ।
ਤਾਕੇ ਰੂਪ ਨ ਕਥਨੇ ਜਾਹਿ।
ਨਾ ਓਹਿ ਮਰਹਿ ਨਾ ਠਾਗੇ ਜਾਹਿ।
ਜਿਨ ਕੈ ਰਾਮੁ ਵਸੈ ਮਨ ਮਾਹਿ
ਤਿਥੈ ਭਗਤ ਵਸਹਿ ਕੇ ਲੋਅ।
ਕਰਹਿ ਅਨੰਦੁ ਸਚਾ ਮਨਿ ਸੋਇ।...

ਕਰਮ ਖੰਡ ਦਾ ਵਰਨਣ ਏਥੋਂ ਤਕ ਹੀ ਹੈ। ਇਸ ਤੋਂ ਬਾਅਦ ਸੱਚ ਖੰਡ ਦੀ ਬਾਣੀ ਹੈ। ਉਂਜ ਕਰਮ ਖੰਡ ਤੇ ਸੱਚ ਖੰਡ –ਦੋਹਾਂ ਖੰਡਾਂ ਦਾ ਵਰਨਣ ਇਕੋ ਪੌੜੀ ਵਿਚ ਕੀਤਾ ਗਿਆ ਹੈ। ਇਸ ਦਾ ਵੀ ਵਿਸ਼ੇਸ਼ ਕਾਰਨ ਹੈ। ਪਹਿਲੇ ਤਿੰਨਾਂ ਖੰਡਾਂ ਵਿਚ ਪਿਛਲੇ ਸੰਸਕਾਰਾਂ ਦਾ ਪ੍ਰਭਾਵ ਕੁਝ ਨਾ ਕੁਝ ਬਣਿਆ ਰਹਿੰਦਾ ਹੈ—ਇਸ ਲਈ ਉਨ੍ਹਾਂ ਦਾ ਵਰਨਣ ਵੀ ਵੱਖਰਾ ਵੱਖਰਾ ਕੀਤਾ ਗਿਆ ਹੈ। ਚੌਥਾ ਖੰਡ ਗੂਹੜੀ ਸਮਾਧੀ ਦਾ ਖੰਡ ਹੈ ਤੇ ਨਿਰੋਧਨੀ ਭੂਮੀ ਵਿਚ ਪਿਛਲੀਆਂ ਸਾਰੀਆਂ ਪ੍ਰਾਪਤੀਆਂ ਦਾ ਅਰਪਨ ਹੋ ਚੁਕਦਾ ਹੈ। ਅਗੋਂ ਚੌਥਾ ਤੇ ਪੰਜਵਾਂ ਖੰਡ ਜਿਵੇਂ ਆਪਸ ਵਿਚ ਮਿਲੇ ਜੁਲੇ ਤੇ ਇਕ ਮਿਕ ਹਨ ਓਵੇਂ ਹੀ ਤੀਜਾ, ਚੌਥਾ ਤੇ ਪੰਜਵਾਂ ਸੁੰਨ ਵੀ ਇਕ ਦੂਜੇ ਵਿਚ ਮਿਲੇ ਜੁਲੇ ਤੇ ਇਕ ਦੂਜੇ ਨਾਲ ਇਕਮਿਕ ਹਨ।

ਕਰਮ ਦਾ ਅਰਥ ਏਥੇ ਹੋਰ ਜ਼ੋਰਦਾਰ ਉੱਦਮ ਹੈ। 'ਤਿੱਥੈ ਹੋਰ ਨ ਕੋਈ ਹੋਰ' ਦਾ ਭਾਵ ਹੈ ਕਿ ਓਥੇ ਸਾਧਕ ਰਾਮ ਨਾਲ ਇਕਮਿਕ ਹੈ। ਨਾ ਕੋਈ ਪਿਛਲਾ ਸੰਸਕਾਰ ਹੈ, ਨਾ ਕੋਈ ਬ੍ਰਿਤੀ। ਉੱਦਮ ਤੇ ਜਤਨ ਏਥੇ ਆਪਣਾ ਹੀ ਹੈ। ਏਥੋਂ ਦੀ ਬਾਣੀ (ਨਾਦ) ਪੂਰੇ ਜ਼ੋਰ ਵਿਚ ਹੈ ਕਿਉਂਕਿ ਇਹ ਨਾਦ ਦੇ ਲੈਯ ਦੀ ਭੂਮੀ ਹੈ। ਉਪਰੋਂ ਮੇਹਰ ਦੀ ਦਾਤ ਪਿਛਲੇ ਬਿੰਦੂ ਤੇ ਨਿਰੋਧਿਨੀ ਦੇ ਪੜਾਵਾਂ ਉਪਰ ਮਿਲ ਚੁਕੀ ਹੈ ਤੇ ਉਸ ਦੀ ਵਰਖਾ ਆਪਣੇ ਨਿਜ ਦੇ ਕਰਮ ਅਨੁਸਾਰ ਹੁੰਦੀ ਹੀ ਰਹੇਗੀ। ਮੇਹਰਾਂ ਵਾਲੇ ਨਾਲ ਤਾਂ ਏਥੇ ਏਕਤਾ ਦਾ ਝਲਕਾਰਾ ਹੈ। ਨੌਂ ਦਰਵਾਜ਼ੇ ਪਾਰ ਹੋ ਚੁੱਕੇ ਨੇ ਤੇ ਸਾਧਕ ਦੀ ਦਸਵੇਂ ਦਵਾਰ ਉਪਰ ਦਸਤਕ ਹੈ। ਸ਼ਬਦ ਦੀ ਯਾਤ੍ਰਾ ਵੀ ਏਥੇ ਆਪਣੇ ਅੰਤਿਮ ਚਰਨ ਵਿਚ ਹੈ। ਸਾਹਮਣੇ ਹੋਰ ਕੋਈ ਨਹੀਂ, ਸ਼ਬਦ-ਬ੍ਰਹਮ ਆਪ ਹੀ ਆਪਣੀ ਮਹਿਮਾ ਨਾਲ ਸੁਭਾਇਮਾਨ ਹੈ।

ਨਿਰੋਧਿਨੀ ਭੂਮੀ ਅਤੇ ਨਾਦਾਂਤ ਭੂਮੀ ਦੇ ਸੁੰਨਾਂ ਵਿਚਕਾਰ ਇਕ ਪੜਾਓ ਨਾਦ ਦਾ ਆਉਂਦਾ ਹੈ, ਜੋ ਸੁੰਨ ਨਹੀਂ। ਨਾਦ ਓਥੋਂ ਪਰਗਟ ਹੁੰਦਾ ਹੈ। ਜੋ ਇੜਾ ਪਿੰਗਲਾ ਰਾਹੀਂ ਸਥੂਲ ਜਗਤ ਵਿਚ ਵਿਆਪਦਾ ਹੈ ਅਤੇ ਸੁਖਮਨਾ ਰਾਹੀਂ ਮੁੜ ਨਾਦਾਂਤ ਭੂਮੀ ਵਿਚ ਪਹੁੰਚ ਕੇ ਲੀਣ ਹੋ ਜਾਂਦਾ ਹੈ। ਪਰ ਇਸ ਦੀ ਅਣੂ ਗੂੰਜ ਬਹੁਤ ਉਪਰ ਤਕ ਬਣੀ ਰਹਿੰਦੀ ਹੈ। ਉਂਜ ਨਾਦਾਂਤ ਦੀ ਹੱਦ ਬ੍ਰਹਮ ਰੰਧਰ ਦੇ ਉਸ ਬ੍ਰਹਮ ਬਿਲ ਤਕ ਹੈ, ਜੋ ਸੁਖ਼ਮਨਾ ਦਾ ਦਵਾਰ ਹੈ। ਸੁਖਮਨਾ ਜੋ ਬ੍ਰਹਮ ਨਾੜੀ ਹੈ ਤੇ ਹੇਠੋਂ ਮੂਲਾਧਾਰ ਵਿਚੋਂ ਜਿਸ ਦਾ ਮੁਖ ਉਸ ਵੇਲੇ ਖੁਲ੍ਹਦਾ ਹੈ ਜਦੋਂ ਸਾਧਕ ਜਤਨ ਨਾਲ ਸੂਰਜ ਤੇ ਚੰਦਰ ਸੂਰ ਨੂੰ ਜਾਂ ਪਿੰਗਲਾ ਤੇ ਇੜਾ ਅੰਦਰ ਪ੍ਰਾਣ ਅਪਾਨ ਦੇ ਚੌਵੀ ਘੰਟਿਆਂ ਵਿਚ ਇੱਕੀ ਹਜ਼ਾਰ ਛੇ ਸੌ ਵਾਰੀ ਆਵਾਗਾਉਣ ਨੂੰ ਰੋਕ ਕੇ ਸੁਖਮਨਾ ਵਿਚ ਮਿਲਾ ਦੇਂਦਾ ਹੈ। ਓਥੋਂ ਹੀ ਨਾਦ ਨੌਂ ਪ੍ਰਕਾਰ ਦੀਆਂ ਧੁਣਾਂ ਗੁੰਜਾਉਂਦਾ ਛਿਆਂ ਚੱਕਰਾਂ ਨੂੰ ਖੋਹਲਦਾ ਪੰਜ ਸਥੂਲ ਭੂਤਾਂ ਤੇ ਛੇਵੇਂ ਚਿੱਤ ਨੂੰ ਸ਼ੁੱਧ ਕਰਦਾ ਸੂਖਮ ਤੋਂ ਸੂਖਮ ਹੁੰਦਾ ਨਾਦਾਂਤ ਭੂਮੀ ਦੇ ਬ੍ਰਹਮ ਬਿਲ ਤਕ ਪਹੁੰਚ ਜਾਂਦਾ ਹੈ। ਜੀਵ ਆਪਣੀ ਇਸ ਸੁਖਮਨਾ ਯਾਤ੍ਰਾ ਵਿਚ ਆਪਣੇ ਸ੍ਵਰੂਪ ਨੂੰ ਪਛਾਣਦਾ ਇਸ ਭੂਮੀ ਤੇ ਆ ਪਹੁੰਚਦਾ ਹੈ। ਏਥੇ ਹੀ ਬ੍ਰਹਮ ਰੰਧਰ ਹੈ, ਜਿਸਨੂੰ ਦਸਮ ਦਵਾਰ ਕਿਹਾ ਜਾਂਦਾ ਹੈ। ਇਹ ਉਹ ਭੂਮੀ ਹੈ ਜਿਥੇ ਪਰਮੇਸ਼ਵਰ ਦੀ ਮੰਜ਼ਿਲ ਵੱਲ ਚੱਲੇ ਵਡੇ ਬਲਵਾਨ ਯੋਧੇ ਤੇ



Sri Satguru Jagjit Singh Ji eLibrary NamdhariElibrary@gmail.com

ਸੂਰਬੀਰ ਹੀ ਪਹੁੰਚ ਸਕਦੇ ਨੇ। ਏਥੇ ਹੀ ਉਹ ਪਰਮੇਸ਼ਵਰ (ਰਾਮ) ਨੂੰ ਆਪਣੇ ਅੰਦਰ ਨਾਦ ਰੂਪ ਵਿਚ ਬੋਲਦਿਆਂ ਮਹਿਸੂਸ ਕਰ ਸਕਦੇ ਨੇ। ਏਹੋ ਹੀ ਉਹ ਸਥਾਨ ਹੈ, ਜਿਥੇ ਸੀਤੋ ਸੀਤਾ ਆਪਣੀ ਸੰਪੂਰਨ ਮਹਿਮਾ ਵਿਚ ਏਕਾਕਾਰ ਨੇ। ਏਹੋ ਹੀ ਤਿੰਨਾਂ ਮੰਡਲਾਂ ਵਿਚੋਂ ਉਪਰਲਾ ਪਹਿਲਾ ਸਤੋ ਮੰਡਲ ਹੈ।

## ਸੀਤੋ ਸੀਤਾ

ਸੀਤੋ ਸੀਤਾ ਦੇ ਅਰਥਾਂ ਬਾਰੇ ਵਿਦਵਾਨਾਂ ਵਿਚ ਇਕ ਤਗੜੀ ਕਸਰਤ ਚਲ ਰਹੀ ਹੈ, ਪਰ ਆਗਮ ਸੀਤੋ ਸੀਤਾ ਦੀ ਸਪਸ਼ਟ ਪਛਾਣ ਕਰਵਾਉਂਦਾ ਹੈ। ਅਸਲ ਵਿਚ ਇਹ ਸੀਤੋ ਸੀਤਾ ਸ਼ਬਦ ਹੀ ਆਗਮ ਦਾ ਹੈ ਤੇ ਜਪੁਜੀ ਸਾਹਿਬ ਦਾ ਵਿਸ਼ਯ ਵੀ ਆਗਮ ਦਾ ਹੀ ਵਿਸ਼ਯ ਹੈ। ਤੰਤ੍ਰਾਲੋਕ ਦੇ ਛੇਵੇਂ ਆਹਨਿਕ ਅਤੇ ੭੪ਵੇਂ ਸ਼ਲੋਕ ਵਿਚ ਸੀਤੋ ਸੀਤਾ ਦਾ ਭਰਪੂਰ ਵਰਨਣ ਹੈ :

"ਸਿਤਾਸਿਤੌ ਦੀਰਘਹ੍ਰਸਵੌ ਧਰਮਾਧਰਮੌ ਦਿਨਖ਼ਸ਼ਪੇ।
ਖ਼ਸ਼ੀਯੇਤੇ ਯਦੀ ਤੱਦੀਖ਼ਸ਼ਾ ਵਯਾਪ੍ਰਤਯਾ
ਧਯਾਨੈਨ ਯੋਗਤਹ॥"

ਇਸ ਸ਼ਲੋਕ ਦੀ ਵਿਆਖਿਆ ਸ੍ਰੀ ਵ੍ਰਜਵੱਲਭ ਦ੍ਵਿਵੇਦੀ ਨੇ 'ਵਿਗਿਆਨ ਭੈਰਵ' ਦੇ ਟੀਕੇ ਵਿਚ ਇੰਜ ਕੀਤੀ ਹੈ :

"ਸਿਤ ਅਤੇ ਅਸਿਤ ਸ਼ਬਦ ਤੋਂ ਏਥੇ ਸੁਕਲ (ਸਫੇਦ) ਦਿਨ ਅਤੇ ਕ੍ਰਿਸ਼ਣ (ਕਾਲੀ) ਰਾਤ ਨੂੰ ਲਿਆ ਗਿਆ ਹੈ। ਪ੍ਰਕਾਸ਼ ਦਾ ਵਿਕਾਸ ਹੋਣ ਤੇ ਦਿਨ ਨੂੰ ਦੀਰਘ ਅਤੇ ਪ੍ਰਕਾਸ਼ ਦਾ ਸੰਕੋਚ ਹੋਣ ਤੇ ਰਾਤ ਨੂੰ ਹ੍ਰਸੂ ਅਰਥਾਤ ਛੋਟੀ ਮੰਨਿਆ ਗਿਆ ਹੈ। ਵੇਦੋਕਤ ਵਿਧੀਆਂ ਦਾ ਵਿਸਥਾਰ ਦਿਨ ਵਿਚ ਹੀ ਹੁੰਦਾ ਹੈ, ਸੋ ਦਿਨ ਨੂੰ ਧਰਮ ਅਤੇ ਰਾਤ ਨੂੰ ਵੇਦੋਕਤ ਵਿਧੀਆਂ ਕਰਨ ਦਾ ਅਧਿਕਾਰ ਨਾ ਰਹਿਣ ਕਰਕੇ (ਰਾਤ ਨੂੰ) ਅਧਰਮ ਆਖਿਆ ਗਿਆ ਹੈ। ਸੂਰਜ ਨੂੰ ਹੀ ਤ੍ਰਯੀ (ਵੇਦ) ਦਾ ਸ਼ਰੀਰ ਮੰਨਿਆ ਗਿਆ ਹੈ, ਚੰਦ੍ਰ ਨੂੰ ਨਹੀਂ। ਇਸ ਤਰ੍ਹਾਂ ਪ੍ਰਾਣ (ਸੂਰਜ) ਅਤੇ ਅਪਾਨ (ਚੰਦ੍ਰਮਾ) ਰੂਪੀ ਇਹ ਦਿਨ ਤੇ ਰਾਤ ਜਦੋਂ ਕੁੰਭਕ ਅਵਸਥਾ ਵਿਚ ਸ਼ਾਂਤ ਹੋ ਜਾਂਦੇ ਨੇ, ਨਿਰਵਿਕਲਪਾਤਮਕ ਪਰਾ ਸੰਵਿਤ੍ਰ (ਪਰਮ ਚੇਤਨਯ) ਦੇ ਰੂਪ ਵਿਚ ਭਾਸਨ ਲਗਦੇ ਨੇ, ਉਸ ਵੇਲੇ ਹੀ ਗਿਆਨ, ਯੋਗ ਅਤੇ ਕ੍ਰਿਯਾਤਮਕਤਾ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ। ਏਸੇ ਨੂੰ ਦੀਖ਼ਸ਼ਾ ਆਖਿਆ ਜਾਂਦਾ ਹੈ। ਕੁੰਭਕ ਅਵਸਥਾ ਵਿਚ (ਜਦੋਂ 'ਪਿੰਗਲਾ' ਤੇ 'ਇੜਾ' ਨਾੜੀਆਂ ਵਿਚ ਪ੍ਰਾਣ ਤੇ ਅਪਾਨ ਦੀ ਗਤੀ ਰੁਕ ਕੇ ਪ੍ਰਾਣ (ਪਵਨ) ਠਹਿਰ ਜਾਂਦਾ ਹੈ, ਉਸ ਅਵਸਥਾ ਨੂੰ ਕੁੰਭਕ ਆਖਦੇ ਨੇ।) ਜਦੋਂ ਪ੍ਰਾਣ ਤੇ ਅਪਾਨ ਛੀਣ (ਕਮਜ਼ੋਰ) ਪੈ ਜਾਂਦੇ ਨੇ, ਓਦੋਂ ਹੀ ਯੋਗੀ ਦੀਖ਼ਸ਼ਾ ਦਾ (ਮਹਾਂ ਗਿਆਨ ਦਾ) ਅਧਿਕਾਰੀ ਹੁੰਦਾ ਹੈ।"

ਪ੍ਰਾਣ ਸੂਰਜ ਅਤੇ ਅਪਾਨ ਚੰਦ੍ਰਮਾ ਦਾ ਆਪਸ ਵਿਚ ਮਿਲਣਾ ਹੀ ਸਿਤ-ਅਸਿਤ ਦਾ ਮਿਲਾਪ ਹੈ ਤੇ ਉਸ ਮਿਲਾਪ ਤੋਂ ਬਾਅਦ ਸਾਧਕ ਜੋਗੀ ਦੀ ਜੋ ਅਨੰਦਮਈ ਅਵਸਥਾ ਹੁੰਦੀ ਹੈ—ਉਸ ਦਾ ਕਥਨ ਨਹੀਂ ਹੋ ਸਕਦਾ। ਜੋ ਸਾਧਕ ਜੋਗੀ ਉਸ ਅਵਸਥਾ ਵਿਚ ਪੁਜ ਜਾਂਦਾ ਹੈ, ਉਹ ਫਿਰ ਜਨਮ ਮਰਨ ਤੋਂ ਛੁਟ ਜਾਂਦਾ ਹੈ।

ਤੰਤ੍ਰਾਲੋਕ ਵਿਚ ਹੀ ਇਸ ਤੋਂ ਅਗਲਾ ਸ਼ਲੋਕ ਹੈ—

ਸਿਤਾਸਿਤੌ ਚ ਯੌ ਪਖਸ਼ੌ ਦੀਰਘ ਹ੍ਰਸਵੌ ਚ ਕੀਰਤੀਤੌ॥
ਧਰਮਾਧਰਮ ਮਯੌ ਪਾਸ਼ੌ ਮਹਾ ਘੋਰੌ ਭਯਾਨਕੌ॥
ਦੁਯੋਰਯਤ੍ਰ ਭਵੇੱਦੇਹ ਖ਼ਸ਼ਯੋਲਮਾਯਾ ਤੁ ਯੋਗਿਨੀ॥
ਖ਼ਸ਼ਯੇ ਸ਼ੁੰਨਯੰ ਪਰੰ ਗੇਯੇਯੰ ਦੀਖ਼ਸ਼ਾ ਹਯੇਸ਼ਾ ਪ੍ਰਕੀਰਤਿਤਾ॥

ਇਸ ਦੀ ਵਿਆਖਿਆ ਕਰਦਿਆਂ ਸ੍ਰੀ ਪਰਮ ਹੰਸ ਮਿਸ਼੍ਰ ਜੀ ਨੇ ਤੰਤ੍ਰਾਲੋਕ ਦੇ ਟੀਕੇ ਵਿਚ ਦੱਸਿਆ ਹੈ—"ਸ਼ੁਭ ਅਸ਼ੁਭ ਰੂਪ ਦ੍ਵੰਦਾਤਮਕ ਵਿਕਲਪ ਬੜੇ ਭਿਆਨਕ ਹੁੰਦੇ ਨੇ। ਇਨ੍ਹਾਂ ਦੇ ਨਸ਼ਟ ਹੋਣ ਤੇ ਹੀ ਮਾਯਾ ਦਾ ਪ੍ਰਭਾਵ ਮਿਟਦਾ ਹੈ। ਨਿਰਵਿਕਲਪਕ, ਸ਼ੁੰਨਯ ਰੂਪ ਪਰਮਾਤਮਾ ਦਾ ਗਿਆਨ ਹੁੰਦਾ ਹੈ। ਏਹੋ ਹੀ ਦੀਖ਼ਸ਼ਾ ਹੈ। ਜਦੋਂ ਤਕ ਰਾਜਸ ਤਾਮਸ ਦਾ ਖ਼ਾਤਮਾ ਨਹੀਂ ਹੋਵੇਗਾ ਅਤੇ ਸਾਤਵਿਕਤਾ ਦਾ ਅਹੰਕਾਰ ਨਹੀਂ ਮਿਟੇਗਾ ਓਦੋਂ ਤਕ ਦੀਖ਼ਸ਼ਾ ਦਾ ਕੋਈ ਫਲ ਨਹੀਂ ਹੋ ਸਕਦਾ। ਸ਼ਾਸਤਰ ਪੜ੍ਹਣ ਨਾਲ ਮੁਕਤੀ ਨਹੀਂ ਮਿਲਦੀ। ਬ੍ਰਹਮਵਿਦ ਦੀ ਦੀਖ਼ਸ਼ਾ ਤਾਂ ਮੋੱਖ਼ਸ਼ ਪ੍ਰਦਾਨ ਕਰਨ ਵਾਲੀ ਦੀਖ਼ਸ਼ਾ ਹੀ ਏ।"

(ਤੰਤ੍ਰਾਲੋਕ-ਆਹਨਿਕ ੬, ਸ਼ਲੋਕ ੭੪-੭੫)

ਸਾਧਨਾ ਦੇ ਇਸ ਪੜਾਓ ਦਾ ਸਟੀਕ ਵਰਨਣ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮਦੇਵ ਜੀ ਅਤੇ ਭਗਤ ਬੇਣੀ ਜੀ ਦੀ ਬਾਣੀ ਵਿਚ ਮਿਲਦਾ ਹੈ—

"ਇੜਾ ਪਿੰਗੁਲਾ ਅਉਰ ਸੁਖਮਨਾ
ਪਉਨੈ ਬੰਧਿ ਰਹਾਉਗੋ।
ਚੰਦ ਸੂਰਜੁ ਦੁਇ ਸਮ ਕਰ ਰਾਖਉ
ਬ੍ਰਹਮ ਜੋਤਿ ਮਿਲਿ ਜਾਉਗੋ।"

(ਰਾਮਕਲੀ, ਬਾਣੀ ਭਗਤ ਨਾਮਦਿਓ ਜੀ ਕੀ,
ਪੰਨਾ ੯੭੩)



Sri Satguru Jagjit Singh Ji eLibrary NamdhariElibrary@gmail.com

ਅਤੇ ਭਗਤ ਬੇਣੀ ਜੀ ਦੀ ਬਾਣੀ ਹੈ—

ਇੜਾ ਪਿੰਗੁਲਾ ਅਉਰ ਸੁਖਮਨਾ
ਤੀਨਿ ਬਸਹਿ ਇਕ ਠਾਈ ।
ਬੇਣੀ ਸੰਗਮੁ ਤਹ ਪਿਰਾਗੁ[1] ਮਨੁ
ਮਜਨੁ[2] ਕਰੇ ਤਿਥਾਈ ।
ਸੰਤਹੁ ਤਹਾ ਨਿਰੰਜਨ ਰਾਮੁ ਹੈ
ਗੁਰਗਮਿ[3] ਚੀਨੈ ਬਿਰਲਾ ਕੋਇ ।
ਤਹਾਂ ਨਿਰੰਜਨ ਰਮਈਆ ਹੋਇ ।
ਦੇਵ ਸਥਾਨੈ ਕਿਆ ਨੀਸਾਣੀ ।

ਤਹ ਬਾਜੇ ਸਬਦ ਅਨਾਹਤ[4] ਬਾਣੀ
ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ ।
ਸਾਖੀ ਜਾਗੀ ਗੁਰਮੁਖਿ ਜਾਣੀ[5] ।
ਉਪਜੈ ਗਿਆਨੁ ਦੁਰਮਤਿ ਛੀਜੈ ।
ਅੰਮ੍ਰਿਤ ਰਸਿ ਗਗਨੰਤਰਿ[6] ਭੀਜੈ ।
ਏਸੁ ਕਲਾ ਜੋ ਜਾਣੈ ਭੇਉ ।
ਭੇਟੈ ਤਾਸੁ ਪਰਮ ਗੁਰਦੇਉ ।[7]
ਦਸਮ ਦੁਆਰਾ ਅਗਮ ਅਪਾਰਾ
ਪਰਮ ਪੁਰਖ ਕੀ ਘਾਟੀ[8]
ਊਪਰਿ ਹਾਟੁ[9] ਹਾਟ ਪਰਿ ਆਲਾ[10]
ਆਲੇ ਭੀਤਰ ਥਾਤੀ ।[11]
ਜਾਗਤੁ ਰਹੈ ਸੁ ਕਬਹੁ ਨ ਸੋਵੈ ॥
ਤੀਨਿ ਤਿਲੋਕ ਸਮਾਧਿ ਪਲੋਵੈ ॥
ਬੀਜ ਮੰਤ੍ਰ ਲੈ ਹਿਰਦੈ ਰਹੈ ॥
ਮਨੂਆ ਉਲਟਿ ਸੁੰਨ[12] ਮਹਿ ਗਹੈ ।
ਜਾਗਤੁ ਰਹੈ ਨ ਅਲੀਆ[13] ਭਾਖੈ ।
ਪਾਚਉ ਇੰਦ੍ਰੀ ਬਸ ਕਰਿ ਰਾਖੈ ।
ਗੁਰ ਕੀ ਸਾਖੀ[14] ਰਾਖੈ ਚੀਤਿ
ਮਨੁ ਤਨੁ ਅਰਪੈ ਕ੍ਰਿਸਨ ਪ੍ਰੀਤਿ ।
ਕਰ ਪਲਵ[15] ਸਾਖਾ ਬੀਚਾਰੇ ।
ਅਪਨਾ ਜਨਮੁ ਨ ਜੂਐ ਹਾਰੇ ।
ਅਸੁਰ[16] ਨਦੀ ਕਾ ਬੰਧੈ ਮੂਲੁ ।
ਪਛਿਮ ਫੇਰਿ ਚੜਾਵੈ ਸੂਰੁ ।
ਅਜਰੁ ਜਰੈ ਸੁ ਨਿਝਰੁ[17] ਝਰੈ ।
ਜਗੰਨਾਥ ਸਿਉ ਗੋਸਟਿ ਕਰੈ ।
ਚਉਮੁਖ ਦੀਵਾ ਜੋਤਿ ਦੁਆਰ ।[18]
ਪਲੂ[19] ਅਨਤ ਮੂਲੁ ਬਿਚਕਾਰਿ ।
ਸਰਬ ਕਲਾ ਲੇ ਆਪੇ ਰਹੈ ।
ਮਨੁ ਮਾਣਿਕੁ ਰਤਨਾ ਮਹਿ ਗੁਹੈ ।
ਮਸਤਕਿ ਪਦਮੁ[20] ਦੁਆਲੈ ਮਣੀ ।
ਮਾਹਿ ਨਿਰੰਜਨੁ ਤ੍ਰਿਭਵਣ ਧਣੀ ।[21]

(—ਰਾਮਕਲੀ ਬਾਣੀ ਬੇਣੀ ਜੀਉ ਕੀ, ਪੰਨਾ ੯੭੪)

## ਪੰਜਵਾਂ ਸਚਖੰਡ—ਚੌਥਾ ਪੰਜਵਾਂ ਸੁੰਨ

ਪੰਜਵਾਂ ਖੰਡ ਵਿਆਪਿਨੀ ਅਤੇ ਸਮਨਾ ਭੂਮੀ ਹੈ। ਵਿਆਪਿਨੀ ਤੋਂ ਪਹਿਲਾਂ ਸ਼ਕਤੀ ਦਾ ਪੜਾਉ ਹੈ ਪਰ ਉਹ ਸੁੰਨ ਨਹੀਂ। ਸ਼ਕਤੀ ਦਾ ਪਸਾਰ ਦੂਰ ਸਮਨਾ ਤਕ ਹੈ ਤੇ ਸ਼ਕਤੀ ਦੇ ਘੇਰੇ ਵਿਚ ਹੀ ਵਿਆਪਿਨੀ ਰੂਪੀ ਸੁੰਨ ਹੈ। ਸਮਨਾ ਪੰਜਵਾਂ ਸੁੰਨ ਹੈ। ਅਸਲ ਵਿਚ ਸਥੂਲ ਜਗਤ ਦਾ ਆਰੰਭ ਸਮਨਾ ਤੋਂ ਹੀ ਹੁੰਦਾ ਹੈ, ਕਿਉਂਕਿ ਮਨ ਦੀ ਸੀਮਾ ਸਮਨਾ ਤਕ ਹੈ। ਸਮਨਾ ਦਾ ਅਰਥ ਹੈ 'ਮਨ ਸਹਿਤ'। ਮਨ ਦਾ ਅਰੰਭ ਸਮਨਾ ਤੋਂ ਹੁੰਦਾ ਹੈ ਤੇ ਮਨੋ ਜਗਤ ਦੀ ਸਾਰੀ ਤਿਆਰੀ ਸਮਨਾ ਵਿਚ ਹੀ ਹੁੰਦੀ ਹੈ। ਪਰ ਉਸ ਤਿਆਰੀ ਦੀ ਤਿਆਰ ਮੂਰਤਿ 'ਵਿਆਪਿਨੀ' ਵਿਚ ਦ੍ਰਿਸ਼ਟੀ ਗੋਚਰ ਹੁੰਦੀ ਹੈ। ਉਸ ਨੂੰ ਤ੍ਰਿਰੇਖਾ (ਤ੍ਰਿਕੋਨ) ਜਾਂ ਕੁੰਡਲਿਨੀ ਦੇ ਰੂਪ ਵਿਆਪਿਨੀ ਵਿਚ ਹੀ ਮਿਲਦੇ ਹਨ। ਵਿਆਪਿਨੀ ਹੀ ਉਹ ਚੌਥਾ ਸੁੰਨ ਹੈ ਜਿਸ ਬਾਰੇ ਸਤਿਗੁਰੂ ਨਾਨਕ ਦੇਵ ਜੀ ਨੇ ਸਿੱਧ ਗੋਸਟਿ ਵਿਚ ਫੁਰਮਾਇਆ ਹੈ—

ਚਉਥੇ ਸੁੰਨੈ ਜੋ ਨਰੁ ਜਾਣੈ
ਤਾ ਕਉ ਪਾਪੁ ਨ ਪੁੰਨੰ ॥

ਮਹਾਂਮਹੋ ਪਾਧਿਆਧਿ ਗੋਪੀ ਨਾਥ ਕਵੀ ਰਾਜ ਲਿਖਦੇ ਹਨ—"ਸ਼ਕਤੀ ਦਾ ਸਥਾਨ ਬ੍ਰਹਮ ਰੰਧ੍ਰ (ਦਸਮ ਦੁਆਰ) ਤੋਂ ਉਪਰ ਹੈ। ਉਰਧ ਕੁੰਡਲੀ ਏਸੇ ਦਾ ਨਾਮਾਂਤਰ ਹੈ। ਇਹ ਵਿਸ਼ਵ ਦੀ ਆਧਾਰ ਹੈ। ਕਿਉਂਕਿ ਏਸੇ ਦੇ ਗਰਭ ਵਿਚ ਸਾਰਾ ਵਿਸ਼ਵ ਹੈ। ਇਹ ਚਾਰ ਕਲਾਵਾਂ ਨਾਲ ਘਿਰੀ ਹੋਈ ਹੈ। ਇਸ ਦੇ ਕੇਂਦਰ ਵਿਚ ਇਸਥਿਤ ਕਲਾ ਦਾ ਨਾਮ 'ਵਿਆਪਿਨੀ' ਹੈ। ਸ਼ਕਤੀ ਦੀ ਮਾਤ੍ਰਾ ੧/੬੪ ਹੈ। ਸ਼ਕਤੀ ਵਿਚ ਹੀ ਆਨੰਦ ਸੱਤਾ ਦਾ ਅਨੁਭਵ ਹੁੰਦਾ ਹੈ। ਇਸ ਤੋਂ ਬਾਅਦ ਬ੍ਰਹਮ ਦੀ ਸਰਗੁਣ ਸ਼ਕਤੀ ਦੇ ਆਨੰਦ ਦਾ ਆਭਾਸ ਮਿਲਦਾ ਹੈ। ਸ਼ਕਤੀ ਤੋਂ ਉਨਮਨੀ ਤਕ ਹਰੇਕ ਭੂਮੀ ਜਗਮਗਾਉਂਦੇ ਬਾਰਾਂ ਸੂਰਜਾਂ ਦੇ ਪ੍ਰਕਾਸ਼ ਦੇ ਤੁਲ ਉਜਲੀ ਹੈ। ਸ਼ਕਤੀ ਸੁੰਨਯਾਤਮਕ ਨਹੀਂ ਹੈ, ਪਰ 'ਵਿਆਪਿਨੀ' ਸੁੰਨਯ ਸਰੂਪ ਹੈ। ਪੰਜਾਂ ਸੁੰਨਯਾਂ ਵਿਚੋਂ ਇਹੋ (ਵਿਆਪਿਨੀ)



Sri Satguru Jagjit Singh Ji eLibrary NamdhariElibrary@gmail.com

ਹੀ ਚੌਥਾ ਸ਼ੂੰਨਯ ਹੈ।"

(—ਨਾਦ ਤੱਤ੍ਰ, ਸ੍ਰੀ ਗੋਪੀਨਾਥ ਕਵੀਰਾਜ)

ਸ਼੍ਰੀ ਗੋਪੀ ਨਾਥ ਕਵੀ ਰਾਜ, 'ਜਪ ਵਿਗਿਆਨ' ਵਿਚ ਲਿਖਦੇ ਹਨ—"ਇਸਤੋਂ ਬਾਅਦ ਵਿਆਪਿਨੀ ਦਾ ਅਧਿਕਾਰ ਹੈ। ਅਸਲ ਵਿਚ ਸ਼ਕਤੀ ਦੇ ਕੇਂਦਰ ਵਿਚ ਸਥਿਤ ਕਲਾ ਹੀ 'ਵਿਆਪਿਨੀ' ਨਾਮ ਨਾਲ ਜਾਣੀ ਜਾਂਦੀ ਹੈ। ਪਰ ਸ਼ਕਤੀ ਤੋਂ ਵਿਆਪਨੀ ਅਲੱਗ ਹੈ। ਪ੍ਰਿਥਵੀ ਤਕ ਸਾਰਾ ਪਰਪੰਚ ਸ਼ਕਤੀ ਦਾ ਹੀ ਹੈ। ਸ਼ਕਤੀ ਤੱਤ੍ਰ ਹੀ, ਇਕ ਹਿਸਾਬ ਨਾਲ ਜੇ ਵੇਖਿਆ ਜਾਵੇ ਤਾਂ ਅਨਾਸ਼੍ਰਿਤ ਭੁਵਨ ਹੈ, ਜਿਸ ਦੇ ਅੰਦਰ ਵਿਆਪਿਨੀ ਦੇ ਵਿਚਕਾਰ ਸ਼ਿਵ ਤੱਤ੍ਰ ਦਾ ਨਿਵਾਸ ਹੈ।... ਕਿਸੇ ਕਿਸੇ ਨੇ ਵਿਆਪਿਨੀ ਨੂੰ ਹੀ 'ਮਹਾਂ ਸ਼ੂੰਨਯ' ਰੂਪ ਵਿਚ ਗ੍ਰਹਿਣ ਕੀਤਾ ਹੈ। ਅਸਲ ਵਿਚ ਇਹ ਮਹਾਂਸ਼ੂੰਨਯ ਨਹੀਂ ਹੈ, ਇਸ ਤੋਂ ਬਾਅਦ ਵੀ ਸ਼ੂੰਨਯ ਹੈ। ਏਥੇ ਸਾਕਾਰ ਅਤੇ ਨਿਰਾਕਾਰ ਦਾ ਭੇਦ ਨਹੀਂ ਰਹਿੰਦਾ। ਏਥੋਂ ਦੀ ਅਨੁਭੂਤੀ ਇਕ ਅਦ੍ਵਯ ਆਤਮਾਨੁਭੂਤੀ ਦਾ ਹਿੱਸਾ ਹੈ। ਵਿਆਪਿਨੀ (ਚੌਥੇ ਸੁੰਨ) ਤੋਂ ਬਾਅਦ ਵਿਆਪਿਨੀ ਪਦ ਵਿਚ ਸਥਿਤ ਅਨਾਸ਼੍ਰਿਤ ਭੁਵਨ ਦੇ ਉਪਰ **'ਸਮਨਾ'** ਹੈ। ਇਹ ਬ੍ਰਹਮਬਿਲ ਤੋਂ ਬਾਹਰ ਅਤੇ ਅਤੀਤ ਮਨ ਦਾ ਸਥਾਨ ਹੈ। ਏਥੇ ਮਨ ਨਹੀਂ ਹੈ, ਫਿਰ ਵੀ ਮਨ ਹੈ ਵੇ। ਨਾਦਾਂਤ ਤੋਂ ਹੀ ਅਤੀਤ ਮਨ ਦੀ ਸੂਚਨਾ ਮਿਲਣੀ ਸ਼ੁਰੂ ਹੋ ਜਾਂਦੀ ਹੈ। ਸੂਖਮ ਸਮਸ਼ਟੀ-ਮਨ ਨਾਦ ਵਿਚ ਹੀ ਸਮਾਪਤ ਹੋ ਜਾਂਦਾ ਹੈ। ਉਸਤੋਂ ਬਾਅਦ ਹੀ 'ਅਤੀਮਾਨਸ' ਹੈ। ਸਮਨਾ ਹੀ (ਪੰਜਵਾਂ ਸੁੰਨ ਹੀ) ਸਭ ਕਾਰਨਾਂ ਦੀ ਕਾਰਜ ਕਰਤਰੀ ਮਹੇਸ਼ਵਰ ਦੀ ਪਰਾ ਸ਼ਕਤੀ ਹੈ। ਪੂਰਨ ਬ੍ਰਹਮ ਦੀ ਈਖ਼ਸ਼ਣ ਸ਼ਕਤੀ (ਗਾੜ੍ਹ ਇੱਛਾ ਰੂਪ ਸ਼ਕਤੀ) ਅਵਤਰਨ ਸਮੇਂ 'ਸਮਨਾ' ਰੂਪ ਵਿਚ ਉਤਰ ਕੇ ਸਮਸ਼ਟੀ (ਸਮੂਹਕ) ਮਨ ਵਿਚ ਸੰਚਾਰਿਤ ਹੁੰਦੀ ਹੈ। **ਪਰਮੇਸ਼ਵਰ, ਸ੍ਰਿਸ਼ਟੀ, ਸਥਿਤੀ, ਨਿਗ੍ਰਹਿ ਤੇ ਅਨੁਗ੍ਰਹਿ ਆਦਿ ਪੰਜ ਪ੍ਰਕਾਰ ਦੇ ਕ੍ਰਿਤਿਯਾਂ ਦਾ ਸ਼ਮਨਾ ਉਪਰ ਬੈਠ ਕੇ ਸੰਪਾਦਨ ਕਰਦੇ ਨੇ।** ਸਮਨਾ ਦੀ ਦੂਸਰੀ ਦਿਸ਼ਾ ਉਨਮਨਾ ਹੈ। ਇਹ ਅਤੀਤ ਮਨ ਦੀ ਵੀ ਅਤੀਤ ਹੈ। ਆਤਮਾ ਦੇ ਵਿਕਲਪ ਰਹਿਤ 'ਕੇਵਲ' ਸ੍ਵਰੂਪ ਵਿਚ ਨਿਵਾਸ ਦਾ ਬੋਧ ਏਸੇ ਥਾਂ ਤੇ ਹੀ ਹੁੰਦਾ ਹੈ।...ਨੌਂ ਨਾਦਾਂ ਵਿਚੋਂ ਇਹੋ ਨੌਵਾਂ ਨਾਦ ਹੈ। ਬਿੰਦੂ ਵਿਚ ਜਿਸ ਨਾਦ ਸਮੂਹ ਦੀ ਸੂਚਨਾ ਮਿਲਦੀ ਹੈ, ਉਨਮਨਾ ਵਿਚ ਉਨ੍ਹਾਂ ਦਾ ਅੰਤ ਹੋ ਜਾਂਦਾ ਹੈ। ਏਹੋ ਹੀ ਅਸਲ 'ਮਹਾਂ ਸ਼ੂੰਨਯ' ਹੈ।...ਇਸਤੋਂ ਬਾਅਦ ਫਿਰ ਸ਼ਬਦ ਬ੍ਰਹਮ ਨਹੀਂ ਹੈ—ਅਥਵਾ ਸ਼ਬਦਬ੍ਰਹਮ ਹੀ ਪਰਬ੍ਰਹਮ ਜਾਂ ਅਦ੍ਵੈਤ ਆਤਮ ਸ੍ਵਰੂਪ ਵਿਚ ਆਪ ਪ੍ਰਕਾਸ਼ਿਤ ਹੁੰਦਾ ਹੈ।"

ਆਗਮ ਵਿਚ ਉਨ੍ਹਾਂ ਸਾਧਕਾਂ ਨੂੰ 'ਵੀਰ ਸਾਧਕ' ਆਖਿਆ ਗਿਆ ਹੈ—ਜੋ ਸੰਸਾਰ ਦੇ ਮੋਹ ਮਾਇਆ ਤੋਂ ਉਪਰ ਉਠ ਕੇ ਨਿਰਵਿਕਲਪ ਸਮਾਧੀ ਦੀ ਅਵਸਥਾ ਵਿਚ ਪਹੁੰਚਦੇ ਨੇ। ਜਪੁਜੀ ਦੇ ਕਰਮ ਖੰਡ ਵਿਚ ਉਨ੍ਹਾਂ ਨੂੰ 'ਜੋਧ ਮਹਾਬਲ ਸੂਰ' ਕਿਹਾ ਗਿਆ ਹੈ। ਉਨ੍ਹਾਂ ਦਾ ਬਲ ਰਾਮ ਹੈ, ਜੋ ਉਨ੍ਹਾਂ ਦੇ ਅੰਦਰ ਵੱਸਿਆ ਹੈ। ਉਹ ਮਰਦੇ ਨਹੀਂ, ਸਗੋਂ ਜੀਵਨ ਮੁਕਤ ਹੁੰਦੇ ਨੇ। ਏਥੇ 'ਨਾ ਮਰਨ' ਦੀ ਗੱਲ ਪਰਮਾਤਮ ਸੁਰੂਪ ਵਿਚ ਸਦਾ ਲਈ ਅਵਸਥਿਤ ਹੋ ਜਾਣਾ ਹੈ। ਉਨ੍ਹਾਂ ਨੂੰ ਕੋਈ ਠੱਗ ਨਹੀਂ ਸਕਦਾ, ਕਿਉਂਕਿ ਠੱਗੀ ਦਾ ਕਾਰਨ ਬਣਨ ਵਾਲੇ ਪਦਾਰਥ ਅਤੇ ਬਿਰਤੀਆਂ ਤੋਂ ਉਹ ਪਹਿਲਾਂ ਹੀ ਆਪਣੇ ਆਪ ਨੂੰ ਮੁਕਤ ਕਰ ਚੁਕਦੇ ਨੇ। ਉਸ ਖੰਡ ਵਿਚ ਜਿਨ੍ਹਾਂ ਦੇ ਦਰਸ਼ਨ ਹੁੰਦੇ ਹਨ, ਉਹ ਅਨੰਤ ਲੋਕ ਲੋਕਾਂਤਰਾਂ ਤੋਂ ਸਾਧਨਾ ਕਰਦੇ ਹੋਏ ਏਥੇ ਪਹੁੰਚੇ ਭਗਤ ਜਨ ਹਨ ਜੋ ਪ੍ਰਭੂ ਦੇ ਸੰਗ ਦਾ ਸੱਚਾ ਆਨੰਦ ਮਾਣਦੇ ਹੋਏ ਪਰਮਾਨੰਦ ਦੇ ਦਵਾਰ ਵਿਚੋਂ ਦੀ ਸੱਚ ਖੰਡ ਵਿਚ ਪਰਵੇਸ਼ ਕਰ ਰਹੇ ਨੇ।

ਸਚ ਖੰਡਿ ਵਸੈ ਨਿਰੰਕਾਰੁ।
ਕਰ ਕਰ ਵੇਖੈ ਨਦਰਿ ਨਿਹਾਲ।
ਤਿਥੈ ਖੰਡ ਮੰਡਲ ਵਰਭੰਡ।
ਜੇ ਕੋ ਕਥੈ ਤ ਅੰਤ ਨਾ ਅੰਤ।
ਤਿਥੈ ਲੋਅ ਲੋਅ ਆਕਾਰ।
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ।
ਵੇਖੈ ਵਿਗਸੈ ਕਰਿ ਵੀਚਾਰੁ।
ਨਾਨਕ ਕਥਨਾ ਕਰੜਾ ਸਾਰ।

ਸੱਚਖੰਡ ਪੰਜਵਾਂ ਖੰਡ ਹੈ। ਇਹ ਸਮਨਾ ਦੀ ਭੂਮੀ ਹੈ। ਸਮਨਾ ਬਾਰੇ ਜਿਵੇਂ ਪਿੱਛੇ ਜ਼ਿਕਰ ਕਰ ਆਏ ਹਾਂ—ਇਹ ਸੰਸਾਰ ਵੱਲੋਂ ਪਰਮੇਸ਼ਵਰ ਵੱਲ ਯਾਤਰਾ ਵਿਚ ਮਨ ਦੀ ਅੰਤਿਮ ਭੂਮੀ ਹੈ। ਮਨ ਦੀ ਘਾੜਤ ਏਥੋਂ ਹੀ ਸ਼ੁਰੂ ਹੁੰਦੀ ਹੈ ਤੇ ਮਨ ਸਾਰੇ ਜ ਤ ਪਰਪੰਚ ਦਾ ਪ੍ਰਤੀਕ ਹੈ। ਏਥੋਂ ਹੀ ਸਮਸਤ ਲੋਕਾਂ (ਜਗਤਾਂ) ਦੀ ਰਚਨਾ ਹੁੰਦੀ ਹੈ। ਪਰਮੇਸ਼ਵਰ ਦਾ ਜਿਵੇਂ ਜਿਵੇਂ ਹੁਕਮ ਹੁੰਦਾ ਹੈ ਤਿਵੇਂ ਤਿਵ ਕਾਰ ਹੁੰਦੀ



Sri Satguru Jagjit Singh Ji eLibrary NamdhariElibrary@gmail.com

ਹੈ। ਇਸ ਬਾਰੇ ਸ੍ਰੀ ਗੋਪੀ ਨਾਥ ਕਵੀ ਰਾਜ ਲਿਖਦੇ ਹਨ—

"**ਸਮਨਾ**" ਸ਼ਕਤੀ ਤੱਤ੍ਵ ਦਾ ਆਸਰਾ ਲੈ ਕੇ ਪਰਬ੍ਰਹਮ ਦੀ ਇੱਛਾ ਅਨੁਸਾਰ ਸ੍ਰਿਸ਼ਟੀ ਦਾ ਵਿਸਥਾਰ ਕਰਦੀ ਹੈ ਅਤੇ '**ਉਨਮਨਾ**' ਸ਼ਿਵ ਤੱਤ੍ਵ ਦਾ ਆਸਰਾ ਲੈ ਕੇ ਪਰਬ੍ਰਹਮ ਦੀ ਅਪਰਗਟ ਵਿਸ਼ਵਾਤੀਤ ਦਿਸ਼ਾ ਵੱਲ ਲਿਜਾਂਦੀ ਹੈ। ਸ਼ਿਵ ਅਤੇ ਸ਼ਕਤੀ ਅਭਿੰਨ ਹਨ, ਇਸ ਲਈ ਕਿਸੇ ਨੂੰ ਛੱਡ ਕੇ ਕੋਈ ਵੀ ਨਹੀਂ ਰਹਿ ਸਕਦਾ। ਇਸ ਤੋਂ ਬਾਅਦ ਫਿਰ ਤੱਤ੍ਵ ਨਹੀਂ ਹੈ। ਤਤ੍ਵਾਤੀਤ ਅਦ੍ਵੈਤ ਸਥਿਤੀ ਹੈ।

"ਪਰ ਇਸ ਅਦਵੈਤ ਵਿਚ ਵੀ ਦਿਸ਼ਾਵਾਂ ਦਾ ਪਤਾ ਚਲਦਾ ਹੈ। ਉਨ੍ਹਾਂ ਵਿਚੋਂ ਇਕ ਹੈ, ਅਖੰਡ ਸੱਚਿਦਾਨੰਦ ਦੀ ਦਿਸ਼ਾ। ਜੋ ਵਿਸ਼ਵਾਤੀਤ ਹੋਣ ਤੇ ਵੀ ਸੂਖਮਤਮ ਧਿਆਨ-ਗੋਚਰੀ ਹੈ ਤੇ ਆਰੋਪ ਦ੍ਰਿਸ਼ਟੀ ਤੋਂ ਅਤੀ ਸੂਖਮ ਹੱਦ ਤਕ ਵਰਨਣ ਯੋਗ ਹੈ। ਦੂਸਰੀ ਦਿਸ਼ਾ ਹੈ ਹਰ ਪ੍ਰਕਾਰ ਤੋਂ ਨਿਰਵਿਕਲਪ ਅਤੇ ਧਿਆਨ ਸਮਾਧੀ ਤੋਂ ਵੀ ਅਗੋਚਰ। ਪਹਿਲੀ ਅਵਸਥਾ ਵਿਚ ਸ੍ਵੈ-ਸ਼ਕਤੀ ਪ੍ਰਕਾਸ਼ਮਾਨ ਹੋ ਰਹੀ ਹੈ ਅਤੇ ਦੂਜੀ ਅਵਸਥਾ ਵਿਚ ਉਹ ਅਵਸਥਾ ਵਿਚ ਅਪ੍ਰਕਾਸ਼ਿਤ ਜਾਂ ਅਵਿਅਕਤ ਹੈ। ਪਰ ਉਸ ਨੂੰ "ਨਹੀਂ ਹੈ" ਕਹਿਣਾ ਨਹੀਂ ਬਣਦਾ। ਅਸਲ ਵਿਚ ਇਹ ਦੋਵੇਂ ਦਿਸ਼ਾਵਾਂ ਅਭਿੰਨ ਹਨ। ਓਥੇ 'ਕਲਾ ਰਹਿਤ' ਅਤੇ 'ਕਲਾ ਸਹਿਤ' ਦੀ ਕਲਪਨਾ ਕਰਨ ਦੀ ਵੀ ਗੁੰਜਾਇਸ਼ ਨਹੀਂ ਰਹਿੰਦੀ। ਏਹੋ ਹੀ ਪਰਮ ਅਦ੍ਵੈਤ ਦਾ ਰਹੱਸਯ ਹੈ। ਇਕ ਹੀ ਅਖੰਡ ਸਰੂਪ ਵਿਚ ਵਿਸ਼ਵ ਅਤੇ ਵਿਸ਼ਵਾਤੀਤ, 'ਅਮਾਤ੍ਰ' ਅਤੇ 'ਅਨੰਤ ਮਾਤ੍ਰ' (ਮਾਂਡੂਕਯ ਕਾਰਿਕਾ, ੧/੨੯) ਨਿਸ਼ਕਲ ਅਤੇ ਸ-ਕਲ, ਨਿਸ਼ਕ੍ਰੀਯ ਅਤੇ ਅਨੰਤਕ੍ਰੀਯ, ਅਖ਼ਸ਼ਰ (ਅਖੁਟ) ਅਤੇ ਸ੍ਵਯੰਪ੍ਰਕਾਸ਼ ਅਦ੍ਵੈਯ ਰੂਪ ਵਿਚ ਬਿਰਾਜਮਾਨ ਹੈ। ਕਾਲ ਓਥੇ ਕਲਾਤੀਤ ਨਾਲ ਇਕ ਹੋ ਕੇ ਪ੍ਰਕਾਸ਼ਮਾਨ ਹੁੰਦਾ ਹੈ।"

—ਜਪ ਵਿਗਿਆਨ

ਰਚਨਾ ਕਰਕੇ ਵੇਖਣ ਅਤੇ ਆਨੰਦਿਤ ਹੋਣ ਵਾਲਾ ਨਿਰੰਕਾਰ ਏਥੇ 'ਉਨਮਨ' ਰੂਪੀ ਅਖ਼ਸ਼ਰ (ਅਖੁਟ) 'ਅ'ਕਾਰ, ਚਿਤ੍ ਸਰੂਪ ਜਾਂ ਅਨੁੱਤਰ ਤੱਤ੍ਵ ਹੈ—ਜੋ ਹੁਕਮ ਕਰਦਾ ਹੈ, ਕੀਤਾ ਵੇਖਕੇ ਨਿਹਾਲ ਹੁੰਦਾ ਹੈ, ਵਿਗਸਦਾ ਹੈ ਤੇ ਆਪਣੇ ਹੁਕਮ ਉਪਰ ਆਪ ਹੀ ਆਨੰਦਿਤ ਹੁੰਦਾ ਹੈ। ਉਹ **ਸਤ੍ ਚਿਤ੍ ਤੇ ਆਨੰਦ** ਦੇ ਸੱਚਿਦਾ ਨੰਦ ਦਾ 'ਚਿਤ੍-ਆਨੰਦ' ਹੈ। 'ਚਿਤ੍' 'ਸਤ੍' ਜਾਂ 'ਸੰਮਾਤ੍ਰ' ਪਾਰਬ੍ਰਹਮ ਦੀ ਪ੍ਰਥਮ 'ਕਲਾ' ਹੈ ਜੋ ਅੱਖਰਾਂ ਵਿਚ 'ਅ'ਕਾਰ ਹੈ। 'ਆਨੰਦ' 'ਚਿਤ੍' ਦਾ ਹੀ ਵਿਕਸਿਤ ਰੂਪ ਹੈ—ਉਹ ਦੂਜਾ 'ਅ' ਹੈ। ਪਹਿਲਾ ਤੇ ਦੂਜਾ—ਦੋਵੇਂ 'ਅ' ਰਲਕੇ 'ਆ'ਕਾਰ ਬਣਦੇ ਹਨ, ਜਿਸ ਦਾ ਸ਼ਾਸਤ੍ਰੀ ਨਾਮ 'ਆਨੰਦ' ਹੈ। ਸਤ੍ ਵਿਚੋਂ ਪ੍ਰਗਟ ਹੋਣ ਕਰਕੇ ਅਤੇ ਉਸੇ ਸਤ੍ ਨਾਲ ਜੁੜੇ ਰਹਿਣ ਕਰਕੇ ਸਤ੍ ਦਾ ਹੀ ਵਿਕਾਸ ਹਨ। ਇਸੇ ਲਈ ਚਿਤ੍ ਤੇ ਆਨੰਦ ਸਤ੍ ਦਾ 'ਚਿਤ੍-ਆਨੰਦ' ਸਰੂਪ ਹਨ। 'ਸਤ੍' ਪਰਮ ਸੁੰਨਯ ਹੈ ਜਿਸਨੂੰ ਅਰਬਦ ਨਰਬਦ ਧੁੰਧੂਕਾਰੇ ਵਿਚ ਸੁੰਨ ਸਮਾਧਿ ਕਿਹਾ ਗਿਆ ਹੈ। 'ਸੁੰਨ' ਦਾ ਉਹ ਗੁਰਬਾਣੀ ਵਿਚ ਪ੍ਰਥਮ ਰੂਪ ਹੈ। ਸਾਧਕ ਦੀ ਸਾਧਨਾ-ਯਾਤਰਾ ਵਿਚ ਉਹ ਸੱਤਵਾਂ ਸ਼ੁੰਨਯ ਹੈ ਜੋ ਨਿਰਗੁਣਤਾ ਤੇ ਨਿਰੰਕਾਰਤਾ ਦੀ ਸਮਝੋਂ ਪਰੇਰੀ ਅਵਸਥਾ ਹੈ।

ਜਿਥੋਂ ਤਕ ਵਰਨਣ ਹੈ ਓਥੋਂ ਤਕ ਕਿਸੇ ਨਾ ਕਿਸੇ ਰੂਪ ਵਿਚ ਸਾਕਾਰਤਾ ਹੈ। ਇਸ ਲਈ ਮਨ ਤੋਂ ਅਤੀਤ ਲਗਣ ਤੇ ਵੀ ਉਨਮਨਾ ਸਾਕਾਰਤਾ ਦੇ ਦਾਇਰੇ ਵਿਚ ਆਉਂਦੀ ਹੈ। 'ਅ' ਅਖ਼ਸ਼ਰ ਹੋਣ ਕਰਕੇ ਉਹ ਸ਼ਬਦ ਜਾਂ ਓਅੰਕਾਰ ਦਾ ਵੀ ਪਹਿਲਾ ਅੱਖਰ ਹੈ। 'ਅ' ਪਹਿਲਾ ਹੋਣ ਕਰਕੇ ਅਪਰਗਟ ਸਤ੍ ਦਾ ਪ੍ਰਥਮ ਪ੍ਰਗਟਾਵਾ ਹੈ, ਜੋ ਅਨੰਤ ਨਿਰਾਕਾਰ ਨਾਲ ਜੋੜਨ ਵਾਲੀ ਸਿਖਰਲੀ ਕੜੀ ਹੈ। ਇਹੋ ਉਨਮਨਾ ਹੀ ਛੇਵਾਂ ਸ਼ੁੰਨਯ ਹੈ। ਇਸ ਦਾ ਵੀ ਵਰਨਣ ਨਹੀਂ ਹੋ ਸਕਦਾ, ਕਿਉਂਕਿ ਇਹ ਕਰਤਾ ਹੋਣ ਤੇ ਵੀ ਅਕਰਤਾ ਹੈ। ਇਸ ਦੀ ਪਛਾਣ ਕਿਰਤ ਤੋਂ ਹੁੰਦੀ ਹੈ, ਜੋ 'ਸਮਨਾ' ਭੂਮੀ ਤੇ ਪੰਜਵੇਂ 'ਸੁੰਨ' ਵਿਚ ਹੁੰਦੀ ਹੈ। ਕਿਰਤ ਨੂੰ ਵੀ ਏਥੇ ਮਨ ਰੂਪ ਵਿਚ ਟੋਲਿਆ ਜਾਂਦਾ ਹੈ—ਉਸ ਦਾ ਖ਼ਾਕਾ ਕਲਪਿਆ ਜਾਂਦਾ ਹੈ—ਆਕਾਰ ਉਸ ਨੂੰ ਚੌਥੇ ਸੁੰਨ-ਵਿਆਪਿਨੀ ਵਿਚ ਹੀ ਮਿਲਦਾ ਹੈ। ਵਿਆਪਿਨੀ ਜਾਂ ਚੌਥੇ ਸੁੰਨ ਵਿਚ ਸਾਧਕ ਦਾ ਪਹੁੰਚਣਾ ਹੀ ਆਕਾਰਹੀਣ ਹੋ ਜਾਣਾ ਹੈ। ਪੰਜਵੇਂ ਸੁੰਨ 'ਸਮਨਾ' ਵਿਚ ਉਸ ਆਕਾਰ ਦਾ ਝਾਉਲਾ ਜਿਹਾ ਰਹਿੰਦਾ ਹੈ ਤੇ ਛੇਵੇਂ ਸੁੰਨ 'ਉਨਮਨਾ' ਵਿਚ ਆਕਾਰ ਦੀ ਪੂਰਨ ਸਮਾਪਤੀ। ਫਿਰ ਕੇਵਲ 'ਅ' ਜਾਂ ਚਿਤ੍ ਅਰਥਾਤ 'ਚੇਤਨਯ'। ਉਹ ਚਿਤ੍—ਛੇਵਾਂ ਸ਼ੁੰਨਯ—ਮੂਲ ਸਤ੍ ਨਾਲ ਮਿਲਾ ਦੇਂਦਾ ਹੈ।

ਸਤਿਗੁਰੂ ਅਰਜਨ ਦੇਵ ਜੀ ਦੇ ਇਸ ਸ਼ਬਦ ਵਿਚੋਂ ਉਪਰਲੀ ਅਵਸਥਾ ਦਾ ਝਲਕਾਰਾ ਮਿਲਦਾ ਹੈ—

"ਈਘੈ ਨਿਰਗੁਨ ਊਘੈ ਸਰਗੁਨ
ਕੇਲ ਕਰਤ ਬਿਚਿ ਸੁਆਮੀ ਮੇਰਾ ॥ ਰਹਾਉ ॥
ਨਗਰ ਮਹਿ ਆਪਿ ਬਾਹਰਿ ਫੁਨਿ ਆਪਨ
ਪ੍ਰਭ ਮੇਰੇ ਕੋ ਸਗਲ ਬਸੇਰਾ ॥...

ਬਿਲਾਵਲ ਮਹਲਾ ੫, ੮੦



Sri Satguru Jagjit Singh Ji eLibrary NamdhariElibrary@gmail.com

## ਫੁੱਟਨੋਟ

1. ਪਿਰਾਗੁ—ਪਰਯਾਗ—ਤ੍ਰਿਵੇਣੀ ਸੰਗਮ ਦੇ ਇਸ਼ਨਾਨ ਕਰਨ ਵਾਲਾ ਤੀਰਥ। ਤ੍ਰਿਵੇਣੀ-ਇੜਾ ਪਿੰਗਲਾ ਤੇ ਸੁਖਮਨਾ ਹਨ। ਇੜਾ ਜਮੁਨਾ ਹੈ, ਪਿੰਗਲਾ ਗੰਗਾ ਹੈ, ਸੁਸਵਤੀ ਸੁਖਮਨਾ ਹੈ, ਜੋ ਗੁਪਤ ਹੈ।
2. ਮਜਨ—ਇਸ਼ਨਾਨ
3. ਗੁਰਗਮ—ਗੁਰੂ ਦਾ ਰਸਤਾ।
4. ਅਨਾਹਤ ਬਾਣੀ—ਅਨਾਹਤ ਨਾਦ ਦੀ ਧੁਣੀ।
5. ਗੁਰਮੁਖਿ—ਗੁਰੂ ਦੇ ਮੁਖ ਤੋਂ ਜਾਣੀ।
6. ਗਗਨੰਤਰ—ਦਸਮ ਦੁਆਰ।
7. ਪਰਮ ਗੁਰਦੇਉ—ਪਰਮੇਸ਼ਵਰ
8. ਪਰਮ ਪੁਰਖ ਕੀ ਘਾਟੀ—ਪਰਮਪੁਰਖ ਦਾ ਆਸਣ।
9. ਉਪਰਿ ਹਾਟੁ—ਸਹਸ੍ਰ ਦਲ ਕਮਲ।
10. ਆਲਾ—ਕੁੰਡਲ ਜੰਤਰ-ਜਹਾਂ ਕੁੰਡਲਿਨੀ
11. ਬਾਤੀ—ਪਰਾ ਵਾਕ, ਪਰਾ ਬਾਣੀ
12, ਸੁੰਨ—ਪਰਮੇਸ਼ਵਰ
13. ਅਲੀਆ ਤਿਆਗੇ—ਮਿਥਿਆ ਤਿਆਗੇ।
14. ਗੁਰ ਕੀ ਸਾਖੀ—ਗੁਰੂ ਨੂੰ ਹਾਜ਼ਰ ਨਾਜ਼ਰ ਜਾਣੇ।
15. ਪਲਵ—ਹੱਥਾਂ ਨੂੰ ਬ੍ਰਹਮ ਬਿਰਖ ਦੇ ਪੱਤੇ ਮੰਨੇ।
16. ਅਸੁਰ ਨਦੀ—ਅਦੇਵੀ-ਇੜਾ ਪਿੰਗਲਾ ਦਾ ਮੂਲ। ਇੜਾ ਪਿੰਗਲਾ ਦੇ ਮੂਲ—ਮੂਲਾਧਾਰ ਚੱਕਰ ਵਿਚ ਪ੍ਰਾਣ ਅਪਾਨ ਨੂੰ ਰੋਕ ਕੇ ਬੰਨ੍ਹ ਲਵੇ। (ਕੁੰਭਕ)
17. ਸੂਰਜ ਰੂਪੀ ਪ੍ਰਾਣ ਨੂੰ ਉਪਰ ਪੁਚਾਵੇ। ਇੰਜ ਕਰ ਸਕਣ ਤੇ ਉਪਰੋਂ ਝਰਣੇ ਵਾਂਗ ਅੰਮ੍ਰਿਤ ਵਰਸੇਗਾ।
18. ਚਉਮੁਖੀਆ ਦੀਵਾ—ਕ੍ਰੋੜਾਂ ਸੂਰਜਾਂ ਦਾ ਪ੍ਰਕਾਸ਼ ਹੈ ਓਥੇ।
19. ਪਲੂ—ਬ੍ਰਹਮ ਬਿਰਖ ਦੇ ਪੱਤਿਆਂ ਵਿਚ ਉਹ ਆਪ ਆਪਣੀਆਂ ਅਨੰਤ ਕਲਾਵਾਂ ਨਾਲ ਮੌਜੂਦ ਹੈ।
20. ਮਸਤਕਿ ਪਦਮ—ਮਸਤਕ ਉਪਰ ਬ੍ਰਹਮ ਬਿਰਖ ਜਾਂ ਅਧੋਮੁਖ ਸਹਸ੍ਰ ਦਲਕਮਲ ਹੈ। ਉਸਦੀਆਂ ਰਿਸ਼ਮਾਂ ਮਣੀਆਂ ਵਾਂਗ ਚਮਕਦੀਆਂ ਹਨ।
21. ਤ੍ਰਿਭਵਨ ਪਤੀ—ਤ੍ਰਿਲੋਕੀ ਨਾਥ।


OsteR
CARDIGANS ▪ PULLOVERS
Ante-date Knitters
A Quality Product of
UDEY Knitwears
Manufacturers & Exporters
Street No.3, Jammu Colony, Nr. Preet Palace,
Opp Atam Park, LUDHIANA
Phones:405338, 36349 Fax: 26070 ATTN. 24349





Sri Satguru Jagjit Singh Ji eLibrary NamdhariElibrary@gmail.com

ਯਾਤਰਾ ਅਮਰੀਕਾ ਦੀ

# ਪਰਦੇਸੀ ਪੰਜਾਬ

—ਵਰਿਆਮ ਸਿੰਘ ਸੰਧੂ

## ਫਰੇਮਾਂ 'ਚੋਂ ਨਿਕਲਕੇ ਉੱਡਦੀਆਂ ਚਿੜੀਆਂ

"ਤੁਸੀਂ ਅੱਜ ਦੇ ਸੈਸ਼ਨ ਦੀ ਪ੍ਰਧਾਨਗੀ ਕਰਨੀ ਹੈ।" ਡਾ. ਮਹੀਪ ਸਿੰਘ ਨੇ ਕਿਹਾ। ਮੈਂ ਹੈਰਾਨ ਹੋਇਆ! ਕਾਨਫਰੰਸ 'ਤੇ ਪੁੱਜੀਆਂ ਵੱਡੀਆਂ ਸਿਆਸੀ ਤੇ ਧਾਰਮਿਕ 'ਤੋਪਾਂ' ਦੇ ਹੁੰਦਿਆਂ ਇਕ ਨਿਮਾਣੇ ਲੇਖਕ ਨੂੰ ਮਾਣ ਦੇਣ ਵਾਲੀ ਗੱਲ ਹੀ ਤਾਂ ਸੀ। ਪਰ ਅੱਜ ਸ਼ਾਇਦ ਲੇਖਕਾਂ ਦੀ ਹੀ ਵਾਰੀ ਸੀ। ਮੇਰੇ ਨਾਲ ਪ੍ਰਧਾਨਗੀ ਮੰਡਲ ਵਿਚ ਪਰਵਾਸੀ ਲੇਖਕ ਰਵਿੰਦਰ ਰਵੀ ਅਤੇ ਪੱਤਰਕਾਰ ਤੇ ਲੇਖਿਕਾ ਉਰਮਿਲਾ ਆਨੰਦ ਵੀ ਸ਼ਾਮਲ ਸਨ।

ਇਸ ਸੈਸ਼ਨ ਵਿਚ ਹੋਰਨਾਂ ਤੋਂ ਬਿਨਾਂ ਦੋ ਪਰਚੇ 'ਸਿੱਖ ਸਮਾਜ ਵਿਚ ਔਰਤ ਦੀ ਸਥਿਤੀ' ਬਾਰੇ ਸਨ—ਇਕ ਸੀ ਹਰਭਜਨ ਸਿੰਘ ਯੋਗੀ ਦੀ ਪਤਨੀ ਬੀਬੀ ਇੰਦਰਜੀਤ ਕੌਰ ਦਾ ਅਤੇ ਦੂਜਾ ਕਿਸੇ ਪਰਵਾਸੀ ਵਿਦਵਾਨ ਗੁਰਮੀਤ ਸਿੰਘ ਦਾ ਲਿਖਿਆ ਹੋਇਆ। ਇਹਨਾਂ ਪਰਚਿਆਂ ਵਿਚ ਸਿੱਖ ਸਮਾਜ ਵਲੋਂ ਔਰਤ ਨੂੰ ਮਿਲੀ ਵਡਿਆਈ ਦੀ ਚਰਚਾ ਸੀ। ਪਹਿਲੇ ਦੋਨਾਂ ਦਿਨਾਂ ਵਾਂਗ ਅੱਜ ਵੀ ਸਾਰੀ ਚਰਚਾ ਪੰਜਾਬ ਨਾਲੋਂ 'ਸਿੱਖੀ' ਉਪਰ ਵਧੇਰੇ ਕੇਂਦਰਿਤ ਸੀ। ਪਰਚਿਆਂ 'ਤੇ ਟਿੱਪਣੀ ਕਰਨ ਵਾਲੇ ਬੁਲਾਰੇ ਵੀ ਸਿੱਖ ਸਮਾਜ ਵਿਚ ਔਰਤ ਦੀ 'ਬੱਲੇ! ਬੱਲੇ!' ਦਾ ਰਾਗ ਅਲਾਪਣ ਲਗੇ। ਮੈਨੂੰ ਇਹ 'ਆਪਣੇ ਮੂੰਹ ਮੀਆਂ-ਮਿੱਠੂ' ਬਣਨ ਵਾਲੀ ਗੱਲ ਲਗਦੀ ਸੀ। ਮੈਨੂੰ ਤੇ ਉਰਮਿਲਾ ਨੂੰ ਇਹ ਚੰਗਾ ਨਹੀਂ ਸੀ ਲਗ ਰਿਹਾ।

ਉਰਮਿਲਾ ਮੈਨੂੰ ਕਹਿੰਦੀ, "ਪਹਿਲਾਂ ਤੂੰ ਗੱਲ ਕਰ"

ਮੈਂ ਪ੍ਰਧਾਨਗੀ ਸ਼ਬਦ ਬੋਲਦਿਆਂ ਸਭ ਤੋਂ ਪਹਿਲਾਂ ਔਰਤ ਨੂੰ ਭਾਰਤੀ ਜਨਤਾ ਦੀ ਸਥਿਤੀ ਨਾਲ ਤੁਲਨਾ ਕੇ ਹਿੰਦੀ ਦੇ ਵਿਅੰਗ-ਕਵੀ ਸੁਰਿੰਦਰ ਸ਼ਰਮਾ ਦੀ ਕਵਿਤਾ ਦੀਆਂ ਕੁਝ ਸਤਰਾਂ ਦਾ ਪੰਜਾਬੀ ਵਿਚ ਖੁਲ੍ਹਾ ਅਨੁਵਾਦ ਪੇਸ਼ ਕੀਤਾ :—

ਰਾਜਾ ਰਾਮ ਹੋਵੇ ਜਾਂ ਰਾਵਣ
ਕੋਈ ਫਰਕ ਨਹੀਂ ਪੈਂਦਾ
ਜਨਤਾ ਤਾਂ ਵਿਚਾਰੀ ਸੀਤਾ ਹੈ

ਰਾਜਾ ਰਾਵਣ ਹੋਵੇਗਾ ਤਾਂ ਬਨਵਾਸ ਤੇ ਗਈ
ਜ਼ਬਰਦਸਤੀ ਉਠਾ ਲਈ ਜਾਵੇਗੀ

ਰਾਜਾ ਰਾਮ ਹੋਵੇਗਾ ਤਾਂ ਜ਼ਬਰਦਸਤੀ
ਬਨਵਾਸ 'ਤੇ ਭੇਜ ਦਿਤੀ ਜਾਵੇਗੀ
ਜਨਤਾ ਤਾਂ ਵਿਚਾਰੀ ਸੀਤਾ ਹੈ

ਰਾਜਾ ਦੁਰਯੋਧਨ ਹੋਵੇ ਜਾਂ ਯੁਧਿਸ਼ਟਰ
ਕੋਈ ਫਰਕ ਨਹੀਂ ਪੈਂਦਾ,
ਜਨਤਾ ਤਾਂ ਵਿਚਾਰੀ ਦਰੋਪਤੀ ਹੈ

ਰਾਜਾ ਦਰਯੋਧਨ ਹੋਵੇਗਾ ਤਾਂ
ਭਰੀ ਸਭਾ ਵਿਚ ਨਗਨ ਕੀਤੀ ਜਾਵੇਗੀ

ਰਾਜਾ ਯੁਧਿਸ਼ਟਰ ਹੋਵੇਗਾ ਤਾਂ
ਭਰੀ ਸਭਾ 'ਚ ਦਾਅ 'ਤੇ ਲਾ ਦਿਤੀ ਜਾਵੇਗੀ
ਜਨਤਾ ਤਾਂ ਵਿਚਾਰੀ ਦਰੋਪਤੀ ਹੈ।

ਸਾਦਾ ਜਿਹੀਆਂ ਸਤਰਾਂ ਵਿਚਲੇ ਸੱਚ 'ਚ ਏਨੀ ਜਾਨ ਸੀ ਕਿ ਹਾਲ ਤਾੜੀਆਂ ਦੀ ਗੜਗੜਾਹਟ ਨਾਲ ਗੂੰਜ ਉਠਿਆ।

ਆਪਣੀ ਗੱਲ ਨੂੰ ਜਾਰੀ ਰੱਖਦਿਆਂ ਮੈਂ ਗੁਰੂ ਸਾਹਿਬਾਨ ਦੀ ਵਡਿਆਈ ਕੀਤੀ ਜਿਨ੍ਹਾਂ ਨੇ ਪਹਿਲੀ ਵਾਰ ਸਿਧਾਂਤ ਦੀ ਪੱਧਰ ਤੇ ਔਰਤ ਨੂੰ ਮਾਣ ਬਖਸ਼ਿਆ। ਪਰ ਸਾਡੇ ਮਨਾਂ ਵਿਚੋਂ ਸਦੀਆਂ ਤੋਂ ਬੈਠੇ ਹੋਏ ਸੰਸਕਾਰ ਇਕਦਮ ਹੂੰਝਕੇ ਨਹੀਂ ਕੱਢੇ ਜਾ ਸਕਦੇ। ਸਿੱਖੀ-ਸਮਾਜ ਵਿਚ ਵੀ ਅਮਲ ਦੇ ਪੱਧਰ ਉਪਰ ਔਰਤ ਦੀ ਸਥਿਤੀ ਵਿਚ ਬਹੁਤਾ ਪਰਿਵਰਤਨ ਨਹੀਂ ਆਇਆ। ਜਿਥੇ ਜਿਥੇ ਜਿਸ ਸਮਾਜ ਵਿਚ ਵੀ ਔਰਤ ਨੇ ਆਰਥਿਕ ਤੌਰ 'ਤੇ ਮਰਦ ਉਪਰ ਨਿਰਭਰ ਹੋਣਾ ਛੱਡ ਕੇ ਆਪਣੇ ਪੈਰਾਂ 'ਤੇ ਖੜ੍ਹਾ ਹੋਣ ਦਾ ਜਿੰਨਾ ਯਤਨ ਕੀਤਾ ਹੈ, ਉਥੇ ਉਥੇ ਓਨਾ ਹੀ ਉਹ ਆਪਣਾ ਸਤਿਕਾਰਯੋਗ ਸਥਾਨ ਬਨਾਉਣ ਦੇ ਸਮਰੱਥ ਹੋਈ ਹੈ। ਸਦੀਆਂ ਦੇ ਸੰਸਕਾਰ ਸਾਡੇ ਅਵਚੇਤਨ ਵਿਚ ਇੰਝ ਜੜ੍ਹਾਂ ਜਮਾਈ ਬੈਠੇ ਹੋਏ ਹਨ ਕਿ ਸਾਡੇ ਸਾਰੇ ਅਧਿਆਤਮਕ ਸਾਹਿਤ ਵਿਚ ਆਤਮਾ ਤੇ ਪ੍ਰਮਾਤਮਾ ਦੇ ਆਪਸੀ ਸੰਬੰਧਾਂ ਨੂੰ ਪ੍ਰਗਟਾਉਣ ਲਈ ਔਰਤ ਮਰਦ ਜਾਂ ਖਸਮ ਤੇ ਪਤਨੀ ਦੇ ਰੂਪਕ ਦੀ ਵਰਤੋਂ ਕੀਤੀ ਗਈ ਹੈ।



Sri Satguru Jagjit Singh Ji eLibrary NamdhariElibrary@gmail.com

ਗੱਲ ਤਾਂ ਭਾਵੇਂ ਆਤਮਾ ਪ੍ਰਮਾਤਮਾ ਦੇ ਪ੍ਰਸੰਗ ਵਿਚ ਹੀ ਕੀਤੀ ਗਈ ਹੈ, ਪਰ ਇਸ ਵਿਚੋਂ ਵੀ ਔਰਤ ਦੀ ਗੌਣ ਤੇ ਹੀਣ ਸਥਿਤੀ ਦਾ ਸਹਿਜ ਪ੍ਰਗਟਾਵਾ ਹੋ ਜਾਂਦਾ ਹੈ। ਇਥੇ ਔਰਤ (ਆਤਮਾ) ਦਾ ਹੀ ਫਰਜ਼ ਹੈ ਕਿ ਉਸਨੇ ਆਪਣੇ ਕੰਤ (ਪ੍ਰਮਾਤਮਾ) ਨੂੰ ਕਿਵੇਂ ਰੀਝਾਉਣਾ ਤੇ ਪਾਉਣਾ ਹੈ। ਉਸ ਨੂੰ ਕਿਵੇਂ ਖੁਸ਼ ਕਰਨਾ ਹੈ। ਉਹਨੇ ਹੀ ਸਿਖਣਾ ਹੈ—ਕਿਹੜਾ ਬੋਲ, ਕਿਹੜਾ ਮੰਤਰ, ਕਿਹੜਾ ਗੁਣ ਹੈ—ਜਿਸ ਨਾਲ ਉਹ ਆਪਣੇ 'ਖਸਮ' ਨੂੰ ਵੱਸ ਕਰ ਸਕੇ। ਜੇ ਉਹ 'ਦਾਜ ਵਿਹੂਣੀ' ਜਾਵੇਗੀ ਤਾਂ 'ਸ਼ਹੁ' ਨੂੰ ਪਸੰਦ ਨਹੀਂ ਆਵੇਗੀ। ਅਧਿਆਤਮਕ ਪੱਧਰ 'ਤੇ ਤਾਂ ਇਸਦੀ ਵੱਖਰੀ ਵਿਆਖਿਆ ਹੁੰਦੀ ਹੈ, ਪਰ ਇਹ ਵਿਆਖਿਆ ਕਰਦਿਆਂ ਵੀ ਅਚੇਤ ਹੀ ਤਤਕਾਲੀਨ ਸਮਾਜ ਵਿਚ ਔਰਤ ਦੀ ਸਥਿਤੀ ਦਾ ਚਿੱਤਰ ਸਾਡੇ ਸਾਹਮਣੇ ਪ੍ਰਗਟ ਹੋ ਜਾਂਦਾ ਹੈ।

ਇਹ ਗੱਲਾਂ ਕਰਦਿਆਂ ਮੈਂ ਸਿੱਖ ਸਮਾਜ ਵਿਚ ਅਮਲ ਦੇ ਪੱਧਰ 'ਤੇ ਅੱਜ ਵੀ ਔਰਤ ਨਾਲ ਹੋ ਰਹੇ ਵਿਤਕਰੇ ਨੂੰ ਆਲੋਚਨਾ ਦਾ ਨਿਸ਼ਾਨਾ ਬਣਾਇਆ। ਬਹੁਤ ਸਾਰੇ ਵਿਦਵਾਨਾਂ ਨੇ ਤਾੜੀਆਂ ਮਾਰ ਕੇ ਮੇਰਾ ਹੌਸਲਾ ਵਧਾਇਆ। ਮੇਰੇ ਪਿਛੋਂ 'ਸਿੱਖੀ ਸੋਚ' ਨਾਲ ਜੁੜੇ ਮੰਚ ਸੰਚਾਲਕ ਨੇ ਇਹ ਕਿਹਾ ਕਿ ਮੇਰਾ ਗੁਰਮਤਿ ਦਾ ਸੀਮਤ ਅਧਿਐਨ ਹੋਣ ਕਰਕੇ ਮੈਂ ਸਿੱਖ ਸਮਾਜ ਵਿਚ ਔਰਤ ਨੂੰ ਮਿਲੇ ਮਾਣ ਨੂੰ ਘਟਾ ਕੇ ਵੇਖਿਆ ਹੈ ਤਾਂ ਕੁਝ ਹਲਕਿਆਂ ਵਲੋਂ ਉਸ ਨੂੰ ਵੀ ਦਾਦ ਮਿਲੀ। ਮੈਨੂੰ ਇੰਝ ਪੇਸ਼ ਕੀਤਾ ਗਿਆ ਜਿਵੇਂ ਮੇਰਾ ਸਿੱਖੀ ਨਾਲ ਕੋਈ ਵਾਸਤਾ ਨਹੀਂ। ਸਿੱਖੀ ਤਾਂ ਬਸ 'ਉਹਨਾਂ ਕੁਝ ਲੋਕਾਂ' ਕੋਲ ਹੈ ਤੇ ਇਸ ਦੀ ਠੀਕ ਵਿਆਖਿਆ ਵੀ ਉਹੋ ਹੀ ਕਰ ਸਕਦੇ ਹਨ।

ਮੈਨੂੰ ਡਾਕਟਰ ਜਸਵੰਤ ਸਿੰਘ ਨੇਕੀ ਦੀ ਕਲ੍ਹ ਮੰਚ ਉਪਰ ਕੀਤੀ ਟਿੱਪਣੀ ਯਾਦ ਆਈ। 'ਸਿੱਖੀ ! ਸਿੱਖੀ !' ਕੂਕਦੇ ਇਹਨਾਂ ਵਿਦਵਾਨਾਂ ਬਾਰੇ ਗੱਲ ਕਰਦਿਆਂ ਉਸ ਨੇ ਆਖਿਆ ਸੀ ਕਿ ਅਸੀਂ ਦੂਜਿਆਂ ਬਾਰੇ ਤਾਂ ਆਖਦੇ ਹਾਂ ਕਿ ਉਹ ਸੱਚਾ ਸਿੱਖ ਨਹੀਂ, ਪਰ ਕਦੀ ਆਤਮ-ਚੀਨਣ ਕਰਦਿਆਂ ਇਹ ਵੀ ਸੋਚਿਆ ਹੈ ਕਿ ਅਸੀਂ ਕਿੰਨੇ ਕੁ ਸਿੱਖ ਹਾਂ !

ਇਹਨਾਂ ਵਿਚਾਰਾਂ ਦੀ ਰੌਸ਼ਨੀ ਵਿਚ ਮੈਂ ਕਾਨਫਰੰਸ ਉਪਰ ਗਈਆਂ ਔਰਤਾਂ ਦੀ 'ਸਥਿਤੀ' ਬਾਰੇ ਸੋਚਣਾ ਸ਼ੁਰੂ ਕੀਤਾ। ਕੁਝ ਵਿਆਹੀਆਂ/ਅਣ-ਵਿਆਹੀਆਂ ਲੇਖਿਕਾਵਾਂ ਬਤੌਰ ਡੇਲੀਗੇਟ ਕਾਨਫਰੰਸ ਵਿਚ ਸ਼ਾਮਲ ਸਨ। ਜ਼ਾਹਿਰ ਹੈ ਕਿ ਉਹਨਾਂ ਦੇ ਪਤੀਆਂ/ਮਾਪਿਆਂ ਨੇ ਉਹਨਾਂ ਤੇ ਵਿਸ਼ਵਾਸ ਕਰਕੇ ਹੀ ਉਹਨਾਂ ਨੂੰ ਇਕੱਲਿਆਂ ਜਾਣ ਦੀ ਆਗਿਆ ਦਿਤੀ ਹੋਵੇਗੀ। ਅਕਸਰ ਉਹ, ਪੰਜਾਬੀ ਦੀਆਂ (ਜਿਵੇਂ ਦੀਆਂ ਵੀ ਹੋਣ) ਲੇਖਿਕਾਵਾਂ ਸਨ ਜੋ ਸੁਚੇਤ ਅਤੇ ਆਜ਼ਾਦ ਹੋ ਰਹੀ ਔਰਤ ਦੀਆਂ ਪ੍ਰਤੀਨਿਧ ਸਨ ਜਿਹੜੀਆਂ ਆਪਣੀ ਲਿਖਤ ਰਾਹੀਂ ਦੁਨੀਆਂ ਨੂੰ ਕੋਈ ਪੈਗ਼ਾਮ ਦੇਣ ਜਾਂ ਆਪਣੇ ਅਨੁਭਵ ਵਿਚ ਆਈ ਜ਼ਿੰਦਗੀ ਨੂੰ ਦੇਖਣ ਦਿਖਾਉਣ ਦਾ ਕਾਰਜ ਕਰਨ ਦੀ ਯੋਗਤਾ ਰੱਖਦੀਆਂ ਸਨ; ਨਹੀਂ ਤਾਂ ਕਦੀ ਸਮਾਂ ਸੀ ਜਦੋਂ ਔਰਤ ਦੀ ਸਥਿਤੀ ਬਾਰੇ ਕਾਮਰੇਡ ਨੌਨਿਹਾਲ ਦੀ ਸੁਣਾਈ ਗੱਲ ਸੱਚ ਲਗਦੀ ਹੁੰਦੀ ਸੀ। ਕਾਮਰੇਡ ਨੇ ਆਪਣੇ ਇਕ ਦੋਸਤ ਦੀ ਗੱਲ ਸੁਣਾਈ—ਉਸ ਦਾ ਉਹ ਦੋਸਤ ਕਿਤੇ ਰੇਲਵੇ ਸਟੇਸ਼ਨ ਤੇ ਆਪਣੇ ਕਿਸੇ ਹੋਰ ਮਿੱਤਰ ਨੂੰ ਮਿਲਿਆ ਜਿਹੜਾ ਆਪਣੀ ਪਤਨੀ ਸਮੇਤ ਗੱਡੀ ਉਡੀਕ ਰਿਹਾ ਸੀ। ਪਹਿਲੇ ਦੋਸਤ ਨੇ ਹੌਲੀ ਜਿਹੀ ਦੂਜੇ ਨੂੰ ਪੁਛਿਆ, 'ਇਹਨੂੰ ਆਪਣੀ ਘਰ ਵਾਲੀ ਨੂੰ ਕਿਥੇ ਨਾਲ ਲੈ ਕੇ ਚੱਲਿਐਂ ?'' ਉਸਨੇ ਜਵਾਬ ਦਿਤਾ, ''ਵਿਆਹ ਤੇ ਨਾਲ ਲੈਕੇ ਚੱਲਿਆਂ।'' ਪਹਿਲਾ ਦੋਸਤ ਹੈਰਾਨ ਹੋ ਕੇ ਕਹਿੰਦਾ, ''ਵਿਆਹ ਉਤੇ !... ਓਏ ਇਹ ਤਾਂ ਆਪਾਂ ਮੁਕਾਣੇ ਜਾਣ ਨੂੰ ਰੱਖੀਆਂ ਹੁੰਦੀਆਂ ਸਨ ..ਤੂੰ ਇਹਨੂੰ ਵਿਆਹ 'ਤੇ ਲਈ ਜਾਨੈਂ !''

......ਪਰ ਇਹ ਤਾਂ ਕਾਨਫਰੰਸ 'ਤੇ ਪਹੁੰਚ ਗਈਆਂ ਸਨ। ਜੇ ਉਹ ਕਾਨਫਰੰਸ 'ਤੇ ਆਈਆਂ ਹੀ ਸਨ ਤਾਂ ਇਹ ਵੀ ਉਹਨਾਂ ਦੀ ਮਰਜ਼ੀ ਸੀ ਕਿ ਕਿਸੇ ਨਾਲ ਵੱਧ ਬੋਲਣ ਜਾਂ ਘੱਟ ਬੋਲਣ; ਕਿਸੇ ਨਾਲ ਵੱਧ ਨੇੜ ਰੱਖਣ ਤੇ ਕਿਸੇ ਨਾਲ ਘੱਟ। ਕੁਝ ਲੋਕਾਂ ਦੀਆਂ ਸਾਹਿਤਕ ਦੋਸਤੀਆਂ ਵੀ ਹੋ ਸਕਦੀਆਂ ਨੇ ! ਹੋ ਸਕਦਾ ਹੈ ਕਿ ਉਹਨਾਂ ਦੇ ਘਰ ਵਾਲਿਆਂ ਨੇ ਹੀ ਉਹਨਾਂ ਨੂੰ ਖਾਸ ਬੰਦਿਆਂ ਦਾ ਸਾਥ ਤੇ ਨੇੜ ਰੱਖਣ ਲਈ ਕਿਹਾ ਹੋਵੇ।

ਪਰ ਸਮਾਜ ਵਿਚ ਔਰਤ ਦਾ ਮਾਣਯੋਗ ਸਥਾਨ ਦੀਆਂ ਡੀਂਗਾਂ ਮਾਰਨ ਵਾਲੇ ਬਹੁਤ ਸਾਰੇ ਲੇਖਕ ਵੀਰਾਂ ਨੂੰ ਇਹੋ ਹੀ ਚਿੰਤਾ ਲੱਗੀ ਰਹਿੰਦੀ ਸੀ ਕਿ ਫਲਾਂ 'ਜੋੜਾ' ਕਿਥੇ ਬੈਠਾ ਹੈ ! ਕਿਧਰ ਗਿਆ ਹੈ ! ਹੋਟਲ ਵਿਚ ਉਹਨਾਂ ਦੇ ਕਮਰੇ ਕਿਥੇ ਕਿਥੇ ਹਨ ! ਉਹਨਾਂ ਸਾਰਿਆਂ ਦੀ ਚਿੰਤਾ ਤੋਂ ਲਗਦਾ ਸੀ ਜਿਵੇਂ ਉਹਨਾਂ ਨੂੰ ਲੇਖਿਕਾਵਾਂ ਦੀ ਰਾਖੀ ਲਈ ਹੀ ਕਾਨਫਰੰਸ 'ਤੇ ਭੇਜਿਆ ਗਿਆ ਹੋਵੇ।

ਮੈਨੂੰ ਇਹਨਾਂ ਲੋਕਾਂ ਦੀ 'ਫ਼ਿਕਰਮੰਦੀ' ਉਤੇ ਤਰਸ



Sri Satguru Jagjit Singh Ji eLibrary NamdhariElibrary@gmail.com

ਆਉਂਦਾ ! ਜਿੰਨੀ ਕੁ ਘੱਟ ਉਮਰ ਦੀ ਤੇ ਮੂੰਹ ਮੱਥੇ ਲਗਦੀ ਔਰਤ ਹੁੰਦੀ ਓਨਾ ਹੀ ਵਧੇਰਾ ਫ਼ਿਕਰ ਕਰਦੇ ਇਹ ਲੋਕ !

ਇਕ ਦਿਨ ਦੁਪਹਿਰ ਵੇਲੇ ਹੋਟਲ ਦੀ ਲਾਬੀ ਵਿਚ ਕੁਝ ਲੇਖਕ ਦੋਸਤ ਬੈਠੇ ਸਨ। ਕੁਝ ਮਿੱਤਰਾਂ ਨੇ ਕਵੀਆਂ ਦੀ ਹੋਂਦ ਦਾ ਲਾਭ ਲੈਂਦਿਆਂ ਕਾਵਿ-ਮਹਿਫ਼ਲ ਦਾ ਆਗ਼ਾਜ਼ ਕਰਨ ਲਈ ਮੈਨੂੰ ਹੁਲਾਰਿਆ। ਮਹਿਫ਼ਲ ਦੀ ਕਮਾਂਡ ਸੰਭਾਲਦਿਆਂ ਮੈਂ ਵਖ ਵਖ ਸ਼ਾਇਰਾਂ ਨੂੰ ਆਪੋ-ਆਪਣਾ ਕਲਾਮ ਸ਼ੁਰੂ ਕਰਨ ਲਈ ਸੱਦਾ ਦੇਣ ਲਗਾ। ਚੰਗੇ ਸ਼ਿਅਰ 'ਤੇ ਹਰੇਕ ਦਾ ਦਾਦ ਦੇਣ ਨੂੰ ਦਿਲ ਕਰਦਾ ਹੈ। ਪਰ ਕੁਝ ਦੂਜੇ ਦਰਜੇ ਦੇ ਸ਼ਾਇਰ ਫਰਿਆਦ ਕਰਕੇ ਦਾਦ ਲੈਣਾ ਚਾਹੁੰਦੇ ਹਨ। ਹਰੇਕ ਕਵੀ ਦੀ ਪੜ੍ਹੀ ਗਈ ਕਵਿਤਾ 'ਤੇ ਢੁਕਵੀਂ ਟਿੱਪਣੀ ਕਰਦਿਆਂ ਮੈਂ ਚੰਗੇ ਸ਼ਿਅਰ ਦੀ ਬਣਦੀ-ਸਰਦੀ ਪ੍ਰਸੰਸਾ ਕਰਦਾ। ਇਕ ਸ਼ਾਇਰਾ ਨੇ ਚੰਗੀ ਕਵਿਤਾ ਪੜ੍ਹੀ। ਜਦੋਂ ਉਸਨੇ ਬਿਲਕੁਲ ਨਵੇਂ ਬਿੰਬ ਨੂੰ ਕਵਿਤਾ ਵਿਚ ਪੇਸ਼ ਕਰਦਿਆਂ ਬੋਲ ਉਚਾਰੇ :

"ਚਿੜੀਆਂ ਫਰੇਮਾਂ ਵਿਚੋਂ ਨਿਕਲ
ਉੱਡ ਜਾਣਗੀਆਂ ਖੁਲ੍ਹੇ ਅਸਮਾਨ ਵਿਚ"

ਤਾਂ ਮੈਂ 'ਵਾਹ !' ਕਹਿਣੋਂ ਨਾ ਰਹਿ ਸਕਿਆ। ਗੱਲ ਦੂਜੇ ਸਰੋਤਿਆਂ ਦੇ ਅੰਦਰ ਵੀ ਖੁੱਭ ਗਈ ਤੇ ਸਾਰੇ ਅਸ਼ ! ਅਸ਼ !! ਕਰ ਉਠੇ।

ਉਸੇ ਸ਼ਾਮ ਅਮਰੀਕਾ ਵਿਚ ਰਹਿੰਦਾ ਇਕ ਤੁਕਬੰਦ ਕਵੀ ਮੈਨੂੰ ਕਹਿਣ ਲਗਾ, "ਸੰਧੂ ਸਾਅ੍ਬ ! ਜੇ ਹੁਣ ਕਿਤੇ ਕਵੀ ਦਰਬਾਰ ਹੋਵੇ ਤਾਂ ਮਿਹਰ ਦੀਆਂ ਨਜ਼ਰਾਂ ਸਾਡੇ ਵੱਲ ਵੀ ਕਰਿਓ......ਉਸ ਸੋਹਣੀ ਬੀਬੀ 'ਤੇ ਹੀ ਨਾ ਸਾਰੇ ਦੇ ਸਾਰੇ ਡੁੱਲ੍ਹੀ ਜਾਇਓ .।"

ਇਕ ਦਿਨ ਮਿਲਵਾਕੀ ਰਹਿੰਦਾ ਮੇਰਾ ਜਾਣਕਾਰ ਹਰਭਜਨ ਸਿੰਘ ਮੈਨੂੰ ਮਿਲਵਾਕੀ ਸ਼ਹਿਰ ਦੀ ਸੈਰ ਕਰਾਉਣ ਲੈ ਗਿਆ। ਕਾਨਫ਼ਰੰਸ ਚੱਲ ਰਹੀ ਸੀ, ਪਰਚੇ ਪੜ੍ਹੇ ਜਾ ਰਹੇ ਸਨ। ਉਸ ਨੇ ਮੈਨੂੰ ਕਿਹਾ ਕਿ ਜੇ ਕਿਸੇ ਹੋਰ ਮਿੱਤਰ ਨੂੰ ਨਾਲ ਲਿਜਾਣਾ ਹੋਵੇ ਤਾਂ ਬੇਸ਼ਕ ਲੈ ਲਵਾਂ; ਕਿਉਂਕਿ ਗੱਡੀ ਵਿਚ ਥਾਂ ਵੀ ਬਥੇਰੀ ਹੈ ਤੇ ਹੋਰ ਸਾਥੀ ਹੋਣ...ਨਾਲ ਗੱਲਾਂ-ਬਾਤਾਂ ਕਰਕੇ ਮੇਰਾ ਦਿਲ ਵੀ ਲੱਗਾ ਰਹੇਗਾ। ਮੈਨੂੰ ਹਾਲ ਵਿਚ ਬੈਠੇ ਲੋਕਾਂ ਵਿਚੋਂ ਕਿਸੇ ਨੂੰ ਉਠਾਉਣਾ ਸ਼ਿਸ਼ਟਤਾ ਦੇ ਉਲਟ ਲਗਾ। ਅਸੀਂ ਦੋਵੇਂ ਹੀ ਬਾਹਰ ਨਿਕਲਣ ਲਗੇ ਤਾਂ ਹਾਲ ਦੇ ਬਾਹਰ ਮੈਨੂੰ ਮੇਰਾ ਜਾਣੂ ਇਕ ਲੇਖਕ ਮਿਲ ਪਿਆ। ਮੈਂ ਉਸ ਨੂੰ ਸੁਲ੍ਹਾ ਮਾਰੀ ਤਾਂ ਉਹਨੇ ਆਪਣੇ ਨਾਲ ਖੜੋਤੀ ਸਟਾਲ ਤੇ ਲੱਗੀਆਂ ਕਿਤਾਬਾਂ ਵੇਖ ਰਹੀ ਇਕ ਲੇਖਿਕਾ ਨੂੰ ਵੀ ਆਪਣੇ ਨਾਲ ਤੋਰ ਲਿਆ। ਸ਼ਾਮ ਨੂੰ ਰੋਟੀ ਖਾਣ ਸਮੇਂ ਮੈਨੂੰ ਕੁਝ ਮਿੱਤਰਾਂ ਨੇ ਵੱਖਰੇ ਹੋ ਕੇ ਬੜੇ ਰਹੱਸਮਈ, ਪਰ ਸ਼ਰਾਰਤੀ ਅੰਦਾਜ਼ ਵਿਚ ਪੁਛਿਆ :

"ਭਾ ਜੀ ! ਅੱਜ ਕਿਧਰ ਚੁੱਭੀ ਮਾਰ ਗਏ ?"

ਇਕ ਪੱਤਰਕਾਰ ਨੇ ਆਖਿਆ; "ਸ਼ੁਕਰ ਹੈ ਤੁਸੀਂ ਦਿਸ ਪਏ ਹੋ, ਨਹੀਂ ਤਾਂ ਮੈਂ ਇੰਡੀਆ ਅੱਜ ਦੇ ਡਿਸਪੈਚ ਵਿਚ ਇਹ ਖਬਰ ਵੀ ਭੇਜ ਰਿਹਾ ਸਾਂ ਕਿ—"ਇਕ ਸੀਨੀਅਰ ਕਥਾਕਾਰ ਇਕ ਨਾਜ਼ੋ ਨਾਰ ਨੂੰ ਅਗਵਾ ਕਰਕੇ ਲੈ ਗਿਆ !"

ਰੋਟੀ ਖਾਂਦਿਆਂ ਹੀ ਉਹ ਲੇਖਿਕਾ ਮੇਰੇ ਕੋਲ ਆਈ ਅਤੇ ਮੇਰੇ ਕੰਨ ਕੋਲ ਮੂੰਹ ਕਰਕੇ ਹੌਲੀ ਜਿਹੀ ਕਹਿਣ ਲੱਗੀ, "ਭਾਜੀ !...ਉਥੇ ਬੈਠਾ ਪੈੱਗ 'ਤੇ ਪੈੱਗ ਡੀਕੀ ਜਾਂਦਾ ਜੇ... ਤੇ ਪੀਣੋਂ ਹਟਦਾ ਈ ਨਹੀਂ। ਫਿਰ ਏਥੇ ਡਿਗ ਪਿਆ ਤਾਂ ਬਦਨਾਮੀ ਹੋਊ...ਤੁਸੀਂ ਜਾ ਕੇ ਉਹਨੂੰ ਝਿੜਕੋ...।"

ਮੈਂ ਉੱਠ ਕੇ ਉਸ ਨਾਲ ਗਿਆ। ਵਾਪਸ ਮੁੜਿਆ ਤਾਂ ਇਕ ਮਿੱਤਰ ਕਹਿੰਦਾ, "ਹੁਣ ਤਾਂ ਕੰਨਾਂ ਵਿਚ ਵੀ ਗੱਲਾਂ ਹੋਣ ਲੱਗ ਪਈਆਂ ਨੇ ..।"

ਅਸਲ ਵਿਚ ਮਨੋਵਿਗਿਆਨਕ ਪੱਧਰ 'ਤੇ ਤਾਂ ਸਾਰੀ ਤਕਲੀਫ਼ ਇਸ ਗੱਲ ਦੀ ਹੁੰਦੀ ਹੈ ਕਿ ਜੋ ਸਾਥ ਅਸੀਂ ਖ਼ੁਦ ਚਾਹ ਰਹੇ ਹੁੰਦੇ ਹਾਂ, ਉਹ ਸਾਨੂੰ ਤਾਂ ਨਸੀਬ ਨਹੀਂ ਹੁੰਦਾ ਪਰ ਕਿਸੇ ਹੋਰ ਨੂੰ ਉਸੇ ਸਾਥ ਵਿਚ ਦੇਖਕੇ ਸਾਡੇ ਅੰਦਰ ਈਰਖਾ ਭਾਵ ਉਮਡ ਆਉਂਦੇ ਹਨ।

ਉਂਜ ਇਸ ਗੱਲ ਤੋਂ ਇਹ ਤਾਂ ਸਾਫ਼ ਹੀ ਸੀ ਕਿ ਔਰਤ ਦੀ ਏਨੀ ਕੁ ਆਜ਼ਾਦੀ ਵੀ ਸਾਡੇ 'ਏਡੇ ਪੜ੍ਹੇ ਲਿਖੇ' ਵਰਗ ਨੂੰ ਪ੍ਰਵਾਨ ਨਹੀਂ।

ਇਸ ਹਵਾਲੇ ਨਾਲ ਜਦੋਂ ਮੈਂ ਆਪਣੇ ਆਪ ਨੂੰ 'ਸਹਿਜ' ਪਾਇਆ ਤਾਂ ਮੈਨੂੰ ਹੈਰਾਨੀ ਅਤੇ ਖ਼ੁਸ਼ੀ ਹੋਈ। ਅਕਸਰ ਮੈਂ ਵੀ ਤਾਂ ਉਹਨਾਂ ਮਰਦ ਲੇਖਕਾਂ ਵਿਚੋਂ ਹੀ ਇਕ ਸਾਂ ! ਇਕ ਪਲ ਲਈ ਮੈਨੂੰ ਆਪਣੇ ਅੰਦਰ ਪੈਦਾ ਹੁੰਦੀ ਜਾ ਰਹੀ 'ਬਜ਼ੁਰਗੀ' ਤੋਂ ਡਰ ਵੀ ਲੱਗਾ। ਮੈਂ ਅੰਦਰੋਂ ਸ਼ਾਂਤ ਕਿਉਂ ਸਾਂ ? ਮੈਂ ਏਨਾ ਈਰਖਾ-ਮੁਕਤ ਕਿਉਂ ਹੋ ਗਿਆ ਸਾਂ ? ਔਰਤਾਂ ਨਾਲ ਗੱਲਾਂ ਕਰਨਾ ਤਾਂ ਮੈਨੂੰ ਵੀ ਚੰਗਾ ਲੱਗਦਾ



Sri Satguru Jagjit Singh Ji eLibrary NamdhariElibrary@gmail.com

ਸੀ ਪਰ ਮੈਨੂੰ ਹੋਰਨਾਂ ਵਾਂਗ ਸਾੜਾ ਕਿਉਂ ਨਹੀਂ ਸੀ ਹੋ ਰਿਹਾ !

ਔਰਤ ਦੀ ਸੀਮਤ ਜਿਹੀ ਆਜ਼ਾਦੀ ਬਾਰੇ ਮਰਦ ਦੇ ਇਸ ਦ੍ਰਿਸ਼ਟੀਕੋਣ ਦੇ ਨਾਲ ਹੀ ਮੈਂ ਇਕ ਔਰਤ ਵਲੋਂ ਔਰਤ ਦੀ ਆਜ਼ਾਦੀ ਨੂੰ ਆਪਣੇ ਹੀ ਢੰਗ ਨਾਲ ਸਮਝਣ ਤੇ ਪੇਸ਼ ਕਰਨ 'ਤੇ ਵੀ ਹੈਰਾਨ ਹੋਇਆ ।

ਦਰਸ਼ਨ ਸਿੰਘ ਧਾਲੀਵਾਲ ਦੇ ਘਰ ਹਰ ਰੋਜ਼ ਰਾਤ ਨੂੰ ਖਾਣੇ ਤੋਂ ਪਹਿਲਾਂ ਖੁੱਲ੍ਹੀ ਤੇ ਵੰਨ-ਸੁਵੰਨੀ ਸ਼ਰਾਬ ਦਾ ਦੌਰ ਚੱਲਦਾ । ਇਕ ਮੇਜ਼ ਉੱਪਰ ਦੋ ਲੇਖਕਾਵਾਂ ਬੈਠੀਆਂ ਹੋਈਆਂ ਸਨ । ਇਕ ਸੀ ਵਿਦੇਸ਼ ਵਿਚ ਹੀ ਰਹਿੰਦੀ ਪਰਵਾਸੀ ਪੰਜਾਬੀ ਕਵਿਤਰੀ ਅਤੇ ਦੂਜੀ ਪਾਕਿਸਤਾਨ ਤੋਂ ਆਈ ਸਰਵਤ ਮੁਹੱਈਉਦੀਨ । ਪਰਵਾਸੀ ਸ਼ਾਇਰਾ ਦੇ ਹੱਥ ਵਿਚ ਦਾਰੂ ਦਾ ਗਲਾਸ ਸੀ । ਉਹ ਸਰਵਤ ਨੂੰ ਵੀ 'ਪੀ ਲੈਣ' ਲਈ ਜ਼ੋਰ ਦੇ ਰਹੀ ਸੀ । ਸਰਵਤ ਦੇ ਇਨਕਾਰ ਕਰਨ 'ਤੇ ਉਸਨੇ ਕਿਹਾ :

"ਕੀ ਤੂੰ ਪਤੀ ਤੋਂ ਡਰਦੀ ਏਂ ? ਪਰਿਵਾਰ ਜਾਂ ਸਮਾਜ ਦਾ ਖ਼ੌਫ਼ ਹੈ ਤੇਰੇ ਮਨ ਅੰਦਰ ? ਅਸਲ ਵਿਚ ਤੂੰ ਸੰਸਕਾਰਾਂ ਦੀ ਗੁਲਾਮ ਏਂ । ਤੈਨੂੰ ਇਹਨਾਂ ਦਕਿਆਨੂਸੀ ਸੰਸਕਾਰਾਂ ਤੋਂ ਮੁਕਤ ਹੋਣਾ ਚਾਹੀਦਾ ਹੈ । ਆਪਣੀ ਸੋਚ ਨੂੰ ਇਹਨਾਂ ਸੰਸਕਾਰਾਂ ਦੀ ਜਕੜ ਤੋਂ ਮੁਕਤ ਕਰਕੇ ਹੀ ਔਰਤ ਆਜ਼ਾਦ ਹੋਵੇਗੀ...।"

ਸਰਵਤ ਡੀਫੈਂਸ 'ਤੇ ਹੋ ਕੇ ਨਿਮਰਤਾ ਨਾਲ ਬੋਲ ਰਹੀ ਸੀ, "ਨਹੀਂ...ਅਸਲ ਵਿਚ ਨਾ...ਮੈਨੂੰ ਨਾ...ਪੀਣ ਦੀ 'ਅਰਜ' (Urge) ਹੀ ਨਹੀਂ ਹੁੰਦੀ । ..ਜੇ ਹੋਵੇ ਤਾਂ ਜ਼ਰੂਰ ਪੀ ਲਵਾਂ...।"

"ਨਹੀਂ, ਤੂੰ ਡਰਦੀ ਨਹੀਂ ਪੀਂਦੀ ।"

"ਮੈਨੂੰ ਕੋਈ ਡਰ ਨਹੀਂ...ਮੈਂ ਪੀ ਸਕਦੀ ਹਾਂ । ਪਰ ਮੇਰਾ ਦਿਲ ਈ ਨਹੀਂ ਮੰਨਦਾ ਜਦੋਂ ਪੀਣ ਨੂੰ ਤਾਂ . ।"

ਇਹ ਬਹਿਸ ਖਿੱਚੀ ਗਈ । ਭਾਵੇਂ ਬਾਹਰਲੇ ਸਮਾਜ ਵਿਚ ਔਰਤ ਦਾ ਸ਼ਰਾਬ ਪੀਣਾ ਕੋਈ ਐਬ ਨਹੀਂ ਗਿਣਿਆ ਜਾਂਦਾ ਤਦ ਵੀ ਮੈਨੂੰ ਇਕ ਸ਼ਰਾਬ ਪੀ ਲੈਣ ਵਾਲੀ ਔਰਤ ਦਾ ਸ਼ਰਾਬ ਪੀਣ ਨੂੰ ਔਰਤ ਦੀ ਆਜ਼ਾਦੀ ਨਾਲ ਜੋੜਨਾ ਅਜੀਬ ਜਿਹਾ ਲੱਗਾ ।

ਮੈਨੂੰ ਲੱਗਦਾ ਸੀ ਕਿ ਸਮਾਜਿਕ ਤੇ ਸਭਿਆਚਾਰਕ ਬੰਧੇਜ ਅਤੇ ਮਨ ਵਿਚ ਬੈਠੇ ਸੰਸਕਾਰ ਹੀ ਸਨ ਜਿਹੜੇ ਸਰਵਤ ਨੂੰ ਪੀਣ ਤੋਂ ਵਰਜ ਰਹੇ ਸਨ । ਸਰਵਤ ਨੇ ਬਿਨਾਂ ਸ਼ੱਕ ਏਨੀ ਕੁ ਮਾਣ-ਯੋਗ ਆਜ਼ਾਦੀ ਤਾਂ ਹਾਸਲ ਕਰ ਹੀ ਲਈ ਸੀ ਕਿ ਉਹ ਇਕੱਲੀ-ਕਾਰੀ ਪਾਕਿਸਤਾਨ ਤੋਂ ਚੱਲ ਕੇ ਕਾਨਫ਼ਰੰਸ ਵਿਚ ਭਾਗ ਲੈਣ ਪੁੱਜੀ ਸੀ ਅਤੇ ਇਸਤੋਂ ਵੀ ਵੱਧ ਆਪਣੀ ਕਵਿਤਾ ਦੀ ਖ਼ੂਬਸੂਰਤੀ ਨਾਲ ਸਰੋਤਿਆਂ ਨੂੰ ਕੀਲਣ ਤੋਂ ਇਲਾਵਾ ਭਰੀ ਸਭਾ ਵਿਚ ਆਪਣੀ ਗੱਲ ਬੜੇ ਧੜੱਲੇ ਨਾਲ ਕਹਿ ਸਕਦੀ ਸੀ ਭਾਵੇਂ ਕਿ ਉਹ ਗੱਲ ਕਿਸੇ ਦੇ ਗਿੱਟੇ ਗੋਡੇ ਵੀ ਕਿਉਂ ਨਾ ਲੱਗਦੀ ਹੋਵੇ ?

ਦੂਜੀ ਸ਼ਇਰਾ ਵਲੋਂ ਬਾਰ ਬਾਰ ਜ਼ਿਦ ਕਰਨ ਤੇ ਜ਼ੋਰ ਲਾਉਣ 'ਤੇ ਵੀ ਸਰਵਤ ਦੋ-ਟੁੱਕ 'ਨਾਂਹ' ਨਹੀਂ ਸੀ ਕਰ ਰਹੀ ਮਤੇ ਉਸਨੂੰ 'ਗੁਲਾਮ ਔਰਤ' ਨਾ ਤਸੱਵਰ ਕਰ ਲਿਆ ਜਾਵੇ । ਮੈਂ ਸਰਵਤ ਨੂੰ ਹੱਲਾ-ਸ਼ੇਰੀ ਦਿੱਤੀ ।

"ਤੁਸੀਂ ਸਿੱਧਾ ਅਤੇ ਖੁੱਲ੍ਹ ਕੇ ਕਹੋ ਕਿ ਮੈਂ ਵਾਕਿਆ ਹੀ ਸੰਸਕਾਰਾਂ ਅਧੀਨ ਹੀ ਪੀਣ ਦੀ ਖੁੱਲ੍ਹ ਨਹੀਂ ਲੈ ਰਹੀ, ਤੇ ਨਾ ਹੀ ਨਿਰੀ ਪੀਣ ਨਾਲ ਹੀ ਔਰਤ ਦੀ ਲਿਬਰੇਸ਼ਨ ਜੁੜੀ ਹੋਈ ਹੈ...ਤੁਸੀਂ ਏਨੇ ਡਿਫੈਂਸਵ ਹੋ ਕੇ ਕਿਉਂ ਸਪਸ਼ਟੀਕਰਨ ਦਿੰਦੇ ਫਿਰਦੇ ਹੋ...?

ਅਜੇ ਗੱਲ ਚੱਲ ਹੀ ਰਹੀ ਸੀ ਕਿ ਕੋਲ ਆ ਬੈਠਾ ਜੋਗਿੰਦਰ ਕੈਰੋਂ ਆਖਣ ਲੱਗਾ, "ਪੀਓ ਜੀ ! ਪੀਓ !! ਜ਼ਰੂਰ ਪੀਣੀ ਚਾਹੀਦੀ ਹੈ ..।"

ਕੈਰੋਂ ਨੇ ਇਕ ਆਪਣਾ ਹੀ ਤਰਕ ਉਸਾਰ ਲਿਆ ।

"ਕੁਦਰਤ ਨੇ ਜੋ ਕੁਝ ਵੀ ਖਾਣ-ਪੀਣ ਲਈ ਬਣਾਇਐ ਸਭ ਖਾਣਾ ਪੀਣਾ ਚਾਹੀਦਾ ਹੈ । ਅਸੀਂ ਹਿੰਦੁਸਤਾਨੀ ਤਾਂ ਪੁਨਰ-ਜਨਮ ਵਿਚ ਵਿਸ਼ਵਾਸ ਰੱਖਦੇ ਹਾਂ । ਹੁਣ ਫ਼ਰਜ਼ ਕਰੋ ਕੋਈ ਬਾਹਮਣ ਐ ਤੇ ਐਸ ਜਨਮ 'ਚ ਉਹ ਮੀਟ ਨਹੀਂ ਖਾਂਦਾ ਜਾਂ ਸ਼ਰਾਬ ਨਹੀਂ ਪੀਂਦਾ ਤਾਂ ਹੋ ਸਕਦਾ ਹੈ ਉਹੋ ਬਾਹਮਣ ਅਗਲੇ ਜਨਮ 'ਚ ਕੋਈ ਖਰਾਂਟ ਜੱਟ ਬਣ ਜਾਵੇ ਤਾਂ ਉਦੋਂ ਉਹ ਮੀਟ ਸ਼ਰਾਬ ਖਾਣ-ਪੀਣ ਲੱਗੂਗਾ ਹੀ ।...ਇਸੇ ਲਈ ਮੈਂ ਤਾਂ ਕਹਿੰਦਾਂ ਕਿ ਜੇ ਅਗਲੇ ਜਨਮ ਵਿਚ ਕੋਈ ਚੀਜ਼ ਖਾਣੀ-ਪੀਣੀ ਪੈ ਸਕਦੀ ਹੈ ਤਾਂ ਫ਼ਿਰ ਐਸ ਜਨਮ 'ਚ ਹੀ ਕਿਉਂ ਨਾ ਛਕ ਲਈਏ...।"

ਉਸਨੇ ਸਰਵਤ ਨਾਲ ਹਮਦਰਦੀ ਜਤਾਈ, "ਵੇਖੋ ਜੀ ! ਮੁਸਲਮਾਨਾਂ ਕੋਲ ਤਾਂ ਕੋਈ ਅਗਲਾ ਜਨਮ ਵੀ ਨਹੀਂ



Sri Satguru Jagjit Singh Ji eLibrary NamdhariElibrary@gmail.com

ਕਿ ਐਸ ਜਨਮ ਦੀ ਭੁੱਲ ਦੂਜੇ ਜਨਮ ਵਿਚ ਸੋਧੀ ਜਾ ਸਕੇ...।"

ਫਿਰ ਉਸਨੇ ਦੋਵੇਂ ਹੱਥ ਹਵਾ 'ਚ ਫੈਲਾ ਕੇ ਉਤਾਂਹ ਨੂੰ ਖੋਲ੍ਹਦਿਆਂ ਫੈਸਲਾ ਸੁਣਾ ਦਿੱਤਾ, "ਇਸ ਲਈ ਕੁਦਰਤ ਦੀਆਂ ਦਿੱਤੀਆਂ ਨਿਆਮਤਾਂ ਦਾ ਮੁੱਲ ਪਾਉਣਾ ਚਾਹੀਦੈ। ਸਭ ਕੁਝ ਖਾਓ ਪੀਓ...ਮੌਜ ਕਰੋ।"

ਸਰਵਤ ਨਿਰੁੱਤਰ ਹੋਈ ਕਦੀ ਕੈਰੋਂ ਵੱਲ ਤੇ ਕਦੇ ਮੇਰੇ ਵੱਲ ਵੇਖ ਰਹੀ ਸੀ। ਅਸੀਂ ਕੈਰੋਂ ਦੀ ਜਟਕੀ ਤਰਕ 'ਤੇ ਮੁਸਕਰਾ ਪਏ।

ਕਹਿਣਾ ਤਾਂ ਮੈਂ ਕੁਝ ਹੋਰ ਚਾਹੁੰਦਾ ਸਾਂ ਪਰ ਮੇਰੇ ਮੂੰਹੋਂ ਵੀ ਅਚਨਚੇਤ ਜਟਕਾ ਜਿਹਾ ਸੁਆਲ ਪੁੱਛਿਆ ਗਿਆ, "ਕੈਰੋਂ! ਜ਼ਹਿਰ ਵੀ ਫਿਰ ਖਾ ਲੈਣਾ ਚਾਹੀਦਾ?"

ਕੈਰੋਂ ਨੇ ਚੁੱਪ ਹੋਕੇ ਕੁਰਸੀ ਨਾਲ ਪਿੱਠ ਜੋੜ ਲਈ। 'ਫੈਸਲਾ' ਦੇਣ ਪਿਛੋਂ ਉਹ ਕਿਸੇ ਬਹਿਸ ਵਿਚ ਨਹੀਂ ਸੀ ਉਲਝਣਾ ਚਾਹੁੰਦਾ।

ਰਾਤ ਨੂੰ ਇਸ ਬਹਿਸ ਬਾਰੇ ਦੋਬਾਰਾ ਸੋਚਦਿਆਂ ਮੈਂ ਆਪਣੇ 'ਜਟਕੇ' ਸੁਆਲ 'ਤੇ ਆਪ ਹੀ ਹੱਸਿਆ। ਮੈਂ ਨਹੀਂ ਪੀਂਦਾ...ਇਹ ਵੱਖਰੀ ਗੱਲ ਹੈ। ..ਪਰ ਸ਼ਰਾਬ ਕੋਈ ਜ਼ਹਿਰ ਤਾਂ ਨਹੀਂ। ਫਿਰ ਮੈਂ ਹੋਰ ਡੂੰਘਾ ਸੋਚਿਆ ਤਾਂ ਮੈਨੂੰ ਲੱਗਾ ਕਿ ਅਸਲ ਵਿਚ ਇਸ ਸੁਆਲ ਪਿਛੇ ਮੇਰੀ ਅੰਦਰਲੀ ਕੜਵਾਹਟ ਬੋਲ ਰਹੀ ਸੀ ਜਿਸਨੂੰ ਪਰਵਾਸੀ ਸ਼ਾਇਰਾ ਦੀ ਇਹ ਦਲੀਲ ਪਰਵਾਨ ਨਹੀਂ ਸੀ ਜਿਸ ਦਲੀਲ ਦੇ ਜ਼ੋਰ ਸਦਕਾ ਉਹ ਔਰਤ ਦੀ ਆਜ਼ਾਦੀ ਦੇ ਹਵਾਲੇ ਨਾਲ ਕਿਸੇ ਦੂਜੀ ਔਰਤ ਨੂੰ ਪੀਣ ਲਈ ਉਕਸਾ ਰਹੀ ਸੀ। ਜਾਂ ਕੀ ਔਰਤ ਦੀ ਆਜ਼ਾਦੀ ਬਾਰੇ ਮੇਰੇ ਵਿਚਾਰ ਵੀ ਇੱਕ ਹੱਦ ਤੱਕ ਜਾਕੇ ਪਛੜੇ ਹੋਏ ਬਣ ਗਏ ਸਨ।

## ਅੱਗੋਂ ਦਾ ਫਿਕਰ

ਸਵੇਰ ਦਾ ਸੈਸ਼ਨ ਖ਼ਤਮ ਹੋਇਆ ਸੀ। ਲੋਕ ਉੱਠ ਕੇ ਇਕ ਦੂਜੇ ਨੂੰ ਮਿਲ-ਮਿਲ਼ਾ ਰਹੇ ਸਨ। ਭੀੜ ਵਿਚ ਪਰ੍ਹੇ ਖਲੋਤੇ ਹਰਭਜਨ ਸਿੰਘ ਹੁੰਦਲ ਨੇ ਮੈਨੂੰ ਕੋਲ ਬੁਲਾ ਕੇ ਆਖਿਆ:

"ਓ ਭਈ ਵਰਿਆਮ! ਮੈਂ ਤਾਂ ਰਾਮੂਵਾਲੀਏ ਨੂੰ ਚਿੱਟ ਫੜਾ ਦਿੱਤੀ ਊ ਤੇ ਗੱਲ ਵੀ ਕਰ ਲਈ ਊ। ਉਹ ਤਾਂ ਭਾਈ ਆਖਦੈ ਤੁਹਾਡਾ ਕੰਮ ਬਣ ਜਾਊ ਕੈਨੇਡਾ ਤੋਂ ਵਾਪਸੀ ਦਾ... ਤੂੰ ਵੀ ਗੱਲ ਕਰ ਲੈ...।"

ਉਸਦਾ ਵੀ ਮੇਰੇ ਵਾਂਗ ਹੀ ਅਮਰੀਕਾ ਦਾ 'ਸਿੰਗਲ ਐਂਟਰੀ' ਦਾ ਪੰਗਾ ਸੀ। ਕਾਨਫਰੰਸ ਤੋਂ ਕੁਝ ਦਿਨ ਪਹਿਲਾਂ ਹੀ ਪੁੱਜੇ ਇਕ ਸੱਜਣ ਨੇ ਸਾਨੂੰ ਵਿਸ਼ਵਾਸ ਦਿਵਾਇਆ ਸੀ ਕਿ ਉਸਦਾ ਅਮਰੀਕਾ ਦਾ 'ਸਿੰਗਲ ਐਂਟਰੀ' ਵੀਜ਼ਾ ਹੀ ਸੀ ਪਰ ਬਾਰਡਰ 'ਤੇ ਜਾ ਕੇ ਜਦੋਂ ਪਤਾ ਕੀਤਾ ਤਾਂ ਉਹਨੂੰ ਦੱਸਿਆ ਗਿਆ ਕਿ ਉਹ ਕੈਨੇਡਾ ਜਾ ਕੇ ਤੀਹ ਦਿਨ ਦੇ ਵਿਚ ਵਿਚ ਵਾਪਸ ਅਮਰੀਕਾ ਪਰਤ ਸਕਦਾ ਸੀ। ਇੰਜ ਉਹ ਕੈਨੇਡਾ ਤੋਂ ਹੋ ਕੇ ਆਇਆ ਸੀ। ਪਰ ਜਦੋਂ ਅਸੀਂ ਨਦੀਮ ਪਰਮਾਰ ਨੂੰ ਇਸਦੀ ਪੁਸ਼ਟੀ ਕਰਨ ਲਈ ਪੁਛਿਆ ਤਾਂ ਉਸਨੇ ਬੜੀ ਕਰੜੀ ਹਦਾਇਤ ਦਿੱਤੀ, "ਵੇਖਿਓ! ਕਿਤੇ ਐਵੇਂ ਫਸ ਨਾ ਜਾਇਓ। ਕੈਨੇਡਾ ਵਾਲੇ ਬਹੁਤ ਸਖ਼ਤ ਨੇ। ਅੰਬੈਸੀ ਤੋਂ ਪੁੱਛ-ਪੜਤਾਲ ਕਰਕੇ ਹੀ ਜਾਇਓ।"

ਸਾਧੂ ਸਿੰਘ ਨੂੰ ਕੈਨੇਡਾ ਫੋਨ ਕਰਕੇ ਪੁੱਛਿਆ ਤਾਂ ਉਸ ਵੀ ਪਰਮਾਰ ਵਾਲੀ ਪੱਕੀ ਕੀਤੀ।

"ਮੈਂ ਤਾਂ ਭਾਈ ਰਾਮੂਵਾਲੀਏ ਨੂੰ ਆਖਿਆ ਕਿ ਸਾਡੀ ਵਾਪਸੀ ਟਿਕਟ ਸ਼ਿਕਾਗੋ ਤੋਂ ਆ ਇਸ ਲਈ ਕੈਨੇਡਾ ਤੋਂ ਮੁੜ ਕੇ ਸਾਨੂੰ ਸ਼ਿਕਾਗੋ ਤੋਂ ਵਾਪਸੀ ਜਹਾਜ਼ ਫੜ ਲੈਣ ਦੇਣ.. ਅਸੀਂ ਅਮਰੀਕਾ 'ਚ ਵੜਦੇ ਨਹੀਂ.. ਹੱਛਾ! ਉਹ ਆਖਦਾ ਤਾਂ ਹੈ ਹੋ ਜੂ...ਜਾਹ ਤੂੰ ਵੀ ਕਰ ਲੈ ਗੱਲ...ਔਹ ਖੜੋਤਾ ਈ...।"

ਰਾਮੂਵਾਲੀਆ ਆਪਣੀ ਮਿੱਤਰ-ਮੰਡਲੀ ਵਿਚ ਖੜੋਤਾ ਠਹਾਕੇ ਲਾ ਰਿਹਾ ਸੀ। ਮੈਂ ਕਦੀ ਉਸਨੂੰ ਮਿਲਿਆ ਨਹੀਂ ਸਾਂ। ਉਂਜ ਵੀ 'ਵੱਡੇ' ਲੋਕਾਂ ਨੂੰ ਮਿਲਣ 'ਚ ਮੈਨੂੰ ਸਦਾ ਝਿਜਕ ਰਹੀ ਹੈ ਪਰ ਹੁੰਦਲ ਦੇ ਜ਼ੋਰ ਦੇਣ 'ਤੇ ਮੈਂ ਅੱਗੇ ਵਧ ਕੇ ਭੀੜ 'ਚ ਖੜੇ ਰਾਮੂਵਾਲੀਏ ਨੂੰ ਕਿਹਾ:

"ਮੇਰਾ ਨਾਂ ਵਰਿਆਮ ਸਿੰਘ ਸੰਧੂ ਹੈ।"

"ਲੈ ਹੱਦ ਹੋ ਗਈ ਵਰਿਆਮ! ਤੈਨੂੰ ਵੀ ਇਹ ਦੱਸਣ ਦੀ ਲੋੜ ਹੈ ਕਿ ਤੂੰ ਵਰਿਆਮ ਹੈਂ!"

ਉਹਦੇ ਅਪਣੱਤ-ਭਰੇ ਬੋਲਾਂ ਨੇ ਮੇਰਾ ਹੌਂਸਲਾ ਵਧਾ ਦਿੱਤਾ ਤੇ ਮੈਂ ਉਸ ਅੱਗੇ ਹੁੰਦਲ ਵਾਲੀ ਸਮੱਸਿਆ ਦੁਹਰਾ ਦਿੱਤੀ। ਉਸਨੇ ਲਾਗੇ ਖੜੋਤੇ ਭਾਰਤੀ ਕੌਂਸਲੇਟ ਨੂੰ ਕਿਹਾ ਕਿ ਉਹ ਆਪਣਾ ਕਾਰਡ ਮੈਨੂੰ ਦੇਵੇ ਤੇ ਫਿਰ ਮੈਨੂੰ ਆਖਿਆ ਕਿ ਮੈਂ ਤੇ ਹੁੰਦਲ ਉਸਨੂੰ ਬਾਦ ਵਿਚ ਮਿਲ ਲਈਏ।

"ਮੈਂ ਖੁਦ ਵੀ ਦਿੱਲੀ ਪਹੁੰਚ ਕੇ ਅਮਰੀਕਨ ਅੰਬੈਸੀ ਨੂੰ ਫੋਨ ਕਰਾਂਗਾ...।"

ਵਾਰੀ ਵਾਰੀ ਜਦੋਂ ਅਸੀਂ ਸਭ ਲਿਫ਼ਟ



Sri Satguru Jagjit Singh Ji eLibrary NamdhariElibrary@gmail.com

ਰਾਹੀਂ ਹੇਠਾਂ ਉਤਰੇ ਤਾਂ ਹੁੰਦਲ ਨੇ ਮੈਨੂੰ ਪੁਛਿਆ ਕਿ ਕੀ ਮੈਂ ਵੀ ਆਪਣੇ ਬਾਰੇ ਚਿਟ ਲਿਖ ਕੇ ਉਹਨਾਂ ਨੂੰ ਫੜਾ ਦਿੱਤੀ ਹੈ ਤਾਂ ਮੈਂ ਕੌਂਸਲੇਟ ਦਾ ਕਾਰਡ ਤੇ ਉਸ ਨਾਲ ਗੱਲ ਕਰ ਲੈਣ ਦਾ ਹਵਾਲਾ ਦਿੱਤਾ। ਮੇਰੇ ਲਾਗੇ ਖੜੋਤੇ ਕਿਸੇ ਹੋਰ ਸੱਜਣ ਨੇ ਹੱਸ ਕੇ ਆਖਿਆ, "ਚਿੱਟਾਂ ਤਾਂ ਸਾਰੀਆਂ ਕੋਟ ਦੀ ਜੇਬ 'ਚੋਂ ਕੱਢ ਕੇ ਰਾਮੂਵਾਲੀਏ ਨੇ ਲਿਫਟੋਂ ਉਤਰਦਿਆਂ ਹੀ ਕੂੜੇ ਦੇ ਢੋਲ ਵਿਚ ਸੁੱਟ ਦਿਤੀਆਂ ਨੇ।"

ਅਸੀਂ ਕੁਝ ਤਸੱਲੀ ਵਿਚ ਹੋ ਗਏ ਪਰ ਕਿਸੇ ਹੋਰ ਨੇ ਆਖਿਆ, "ਤੁਹਾਡਾ ਫੈਸਲਾ ਭਾਰਤ ਵਿਚਲੀ ਅਮਰੀਕਨ ਅੰਬੈਸੀ ਨੇ ਨਹੀਂ ਕਰਨਾ। ਇਥੋਂ ਦੀ ਅੰਬੈਸੀ ਨੇ ਕਰਨਾ ਹੈ...।"

ਮੈਂ ਫਿਰ ਨਿਰਾਸ਼ ਹੋ ਗਿਆ। ਸੋਚਿਆ ਹੋਰ ਕੁਝ ਦਿਨਾਂ ਤੱਕ ਕਾਨਫਰੰਸ ਤਾਂ ਖ਼ਤਮ ਹੋ ਜਾਣੀ ਸੀ। ਕੈਨੇਡਾ ਜਾ ਨਹੀਂ ਸਕਣਾ ਤੇ ਅਮਰੀਕਾ ਵਿਚ ਗੁਰਚਰਨ ਹੁਰਾਂ ਕੋਲ ਨਿਊਯਾਰਕ ਜਾਣਾ ਸੀ ਪਰ ਉਹਨਾਂ ਵੱਲੋਂ ਕੋਈ ਖ਼ਬਰ-ਸੁਰਤ ਹੀ ਨਹੀਂ ਸੀ। ਉਹਨੇ ਤੇ ਕਰਤਾਰ ਨੇ ਮਿਲਵਾਕੀ ਹੀ ਪੁਜ ਜਾਣ ਦਾ ਵਾਅਦਾ ਕੀਤਾ ਹੋਇਆ ਸੀ। ਉਹਨਾਂ ਦੇ ਕਹੇ 'ਤੇ ਹੀ ਮੈਂ ਏਥੇ ਕਾਨਫਰੰਸ ਵਿਚ ਤੇ ਹੋਰ ਥਾਈਂ ਵਰਤਣ ਲਈ ਕਰਤਾਰ ਦੀ ਜੀਵਨੀ-ਪੁਸਤਕ 'ਕੁਸ਼ਤੀ ਦਾ ਧਰੂ ਤਾਰਾ—ਕਰਤਾਰ ਸਿੰਘ' ਦੀਆਂ ਕਾਪੀਆਂ ਦਾ ਭਰਿਆ ਹੋਇਆ ਭਾਰਾ ਬੈਗ ਆਪਣੇ ਨਾਲ ਲੈ ਕੇ ਆਇਆ ਸਾਂ।

ਦੋਸਤ-ਮਿੱਤਰ ਵੀ ਪੁੱਛ ਰਹੇ ਸਨ, "ਤੁਹਾਡਾ ਨਿਊਯਾਰਕ ਵਾਲਾ ਸਨਮਾਨ ਕਿਸ ਦਿਨ ਹੋ ਰਿਹੈ?"

ਪਹਿਲਾਂ ਤਾਂ ਮੇਰਾ ਜੀ ਕੀਤਾ ਕਿ ਮੈਂ ਗੁਰਚਰਨ ਨੂੰ ਨਿਊਯਾਰਕ ਫੋਨ ਕਰਕੇ ਵਾਅਦੇ ਮੁਤਾਬਕ ਕਾਨਫਰੰਸ 'ਤੇ ਨਾ ਪੁੱਜਣ ਬਾਰੇ ਪੁੱਛਾਂ ਪਰ ਫਿਰ ਮੈਨੂੰ ਆਪ ਹੀ ਇਹ ਗੱਲ ਚੰਗੀ ਨਾ ਲੱਗੀ। ਸੋਚਿਆ, ਉਹ ਆਖਣਗੇ...ਸਨਮਾਨ ਕਰਾਉਣ ਲਈ ਕਿੱਡਾ ਕਾਹਲੈ ?...ਅਸਲ ਵਿਚ ਮੈਨੂੰ ਸਨਮਾਨ ਦੀ ਕੋਈ ਲਾਲਸਾ ਨਹੀਂ ਸੀ। ਲਾਲਸਾ ਸੀ ਤਾਂ ਸਿਰਫ਼ ਇਹੋ ਕਿ ਹੁਣ ਖਰਚਾ ਕਰਕੇ ਜੇ ਆਏ ਹੀ ਹਾਂ ਤਾਂ ਬਿਨਾਂ ਕੁਝ ਵੇਖੇ ਤੇ ਬਿਨਾਂ ਕਿਸੇ ਨੂੰ ਮਿਲੇ ਮੁੜ ਗਏ ਤਾਂ ਪੈਸੇ ਖਰਚਣ ਦਾ ਕੀ ਅਰਥ!...ਮੇਰੇ ਕੁਝ ਦੋਸਤ ਅਤੇ ਗਰਾਈਂ ਕੈਲੇਫੋਰਨੀਆਂ ਵਿਚ ਰਹਿੰਦੇ ਸਨ ਪਰ ਉਹਨਾਂ ਤੱਕ ਇਕੱਲੇ ਪੁੱਜਣਾ ਮੇਰੇ ਲਈ ਸੰਭਵ ਹੀ ਨਹੀਂ ਸੀ। ਮੈਂ ਤਾਂ ਛੋਟੇ ਸ਼ਹਿਰਾਂ ਵਿਚ ਵੀਹ ਵਾਰ ਪਹਿਲਾਂ ਵੇਖੇ ਥਾਂ ਤੇ ਘਰ ਭੁੱਲ ਜਾਂਦਾ ਹਾਂ। ਏਥੇ ਏਡੇ ਵੱਡੇ ਮੁਲਕ ਵਿਚ ਜਿਥੇ ਪੈਰ ਵੀ ਚੰਗੀ ਤਰ੍ਹਾਂ ਨਹੀਂ ਸੀ ਉੱਠਦੇ — ਆਵਾਜਾਈ ਦੇ ਸਾਧਨਾਂ ਦੀ ਵਰਤੋਂ ਕਰਨ ਦੀ ਜਾਚ ਨਹੀਂ ਸੀ, ਹਜ਼ਾਰਾਂ ਮੀਲ ਦੂਰ ਜਾ ਕੇ ਕਿਸੇ ਨੂੰ ਲੱਭਣਾ, ਮਿਲਣਾ ਕਿੰਨਾਂ ਔਖਾ ਸੀ। ਉਤੋਂ ਬੋਲੀ ਦੀ ਸਮੱਸਿਆ! ਆਪਣੀ ਗੱਲ ਤਾਂ ਕਿਸੇ ਨੂੰ ਔਖੇ ਸੌਖੇ ਹੋ ਕੇ ਸਮਝਾ ਸਕੀਦਾ ਸੀ ਪਰ ਅਗਲਿਆਂ ਦਾ ਅੰਗਰੇਜ਼ੀ ਉਚਾਰਣ ਪਿੜ-ਪੱਲੇ ਹੀ ਨਹੀਂ ਸੀ ਪੈਂਦਾ। ਮੈਂ ਤਾਂ ਕਾਨਫਰੰਸ ਦੇ ਡੈਲੀਗੇਟਾਂ ਤੋਂ ਵਿੱਛੜ ਕੇ ਇਕੱਲਾ ਰਹਿ ਜਾਣ ਬਾਰੇ ਸੋਚ ਕੇ ਹੀ ਬੌਂਦਲ ਜਾਂਦਾ ਸਾਂ। ਸੜਕਾਂ ਉੱਤੇ ਤਾਂ ਕੋਈ ਬੰਦਾ ਦਿਸਦਾ ਹੀ ਨਹੀਂ ਸੀ ਜਿਸਨੂੰ ਮੇਰੇ ਜਿਹਾ 'ਗੁਆਚਿਆ' ਬੰਦਾ ਰਾਹ ਪੁੱਛ ਸਕੇ। ਕਾਰਾਂ ਦੀਆਂ ਡਾਰਾਂ ਬੇਰੋਕ ਸੜਕਾਂ ਦੀ ਹਿੱਕ ਤੇ ਤਰਦੀਆਂ ਜਾਂਦੀਆਂ ਸਨ। ਮੈਨੂੰ ਥਾਂ ਥਾਂ 'ਤੇ ਰਿਕਸ਼ੇ, ਥਰੀਵੀਲਰ ਮਿਲ ਜਾਣ ਦੀ ਸਹੂਲਤ ਵਾਲਾ ਆਪਣਾ 'ਚੰਗਾ' ਦੇਸ਼ ਯਾਦ ਆਇਆ। ਟੈਕਸੀ ਕਿਵੇਂ ਤੇ ਕਿਥੋਂ ਲੈਣੀ ਹੈ—ਮੈਨੂੰ ਪਤਾ ਨਹੀਂ ਸੀ। ਕਦੀ ਮੈਂ ਬੱਚਿਆਂ ਵਾਂਗ ਇਹ ਸੋਚ ਕੇ ਉਦਾਸ ਹੋ ਜਾਂਦਾ ਕਿ ਜੇ ਭਲਾ ਮੈਂ ਏਧਰ ਅਮਰੀਕਾ ਵਿਚ ਕਿਧਰੇ ਇਕੱਲਾ ਹੀ ਗੁੰਮ-ਗਵਾਚ ਜਾਵਾਂ ਤੇ ਜਹਾਜ਼ ਚੱਲਣੋਂ ਬੰਦ ਹੋ ਜਾਣ ਤਾਂ ਕੀ ਮੈਂ ਕਦੇ ਆਪਣੇ ਪਰਿਵਾਰ ਅਤੇ ਬੱਚਿਆਂ ਵਿਚ ਵਾਪਸ ਪਰਤ ਹੀ ਨਹੀਂ ਸਕਾਂਗਾ!...ਫਿਰ ਮੈਂ ਆਪ ਹੀ ਆਪਣੇ ਬਚਗਾਨਾ ਜਿਹੇ ਖ਼ਿਆਲ 'ਤੇ ਹੱਸ ਪੈਂਦਾ। ਮੈਨੂੰ ਯਾਦ ਆਉਂਦਾ ਕਿਵੇਂ ਇਸ ਸਦੀ ਦੇ ਸ਼ੁਰੂ ਵਿਚ ਸਾਡੇ ਅਨਪੜ੍ਹ ਪੰਜਾਬੀ, ਇਕੱਲੀਆਂ ਜਾਨਾਂ ਮਹੀਨਿਆਂ ਬੱਧੀ ਸਮੁੰਦਰੀ ਜਹਾਜ਼ਾਂ ਵਿਚ ਧੱਕੇ ਖਾਂਦੇ ਏਧਰ ਪੁੱਜੇ ਸਨ ਤੇ ਏਥੇ ਆਕੇ ਉਹਨਾਂ ਦੀ ਹਿੰਮਤ ਨੇ ਜ਼ਿੰਦਗੀ ਅਤੇ ਰੁਜ਼ਗਾਰ ਦੇ ਰਸਤੇ ਤਲਾਸ਼ ਕੀਤੇ ਸਨ।

ਆਖਰ ਮੈਂ ਵੀ ਇਕ ਰਸਤਾ ਤਲਾਸ਼ ਕਰ ਹੀ ਲਿਆ। ਸੋਚਿਆ, ਕਿਉਂ ਨਾ ਕਰਤਾਰ ਸਿੰਘ ਪਹਿਲਵਾਨ ਦੇ ਮਿਲਵਾਕੀ ਵੱਸਦੇ ਸਾਂਢੂ ਨੂੰ ਫੋਨ ਕਰਕੇ ਪਤਾ ਕਰਾਂ ਕਿ ਕਰਤਾਰ ਜਾਂ ਗੁਰਚਰਨ ਇਥੇ ਕਿਉਂ ਨਹੀ ਆਏ।

ਹਰਭਜਨ ਸਿੰਘ ਘਰ ਨਹੀਂ ਸੀ। ਉਸਦੀ ਪਤਨੀ ਨੇ ਦੱਸਿਆ ਕਿ ਉਹ ਸਟੋਰ ਉੱਤੇ ਸੀ। ਮੈਂ ਉਥੇ ਫੋਨ ਕੀਤਾ। ਉਹਦੀ ਆਵਾਜ਼ ਵਿਚ ਨਿੱਘ ਸੀ। ਪਰ ਉਸ ਵੱਲੋਂ ਦਿੱਤੀ ਸੂਚਨਾ ਹੌਂਸਲਾ ਵਧਾਊ ਨਹੀਂ ਸੀ। ਉਸਨੇ ਦੱਸਿਆ ਕਿ ਕਰਤਾਰ ਦਾ ਹਾਲ ਦੀ ਘੜੀ ਅਮਰੀਕਾ ਆਉਣ ਦਾ ਪ੍ਰੋਗਰਾਮ ਮੁਲਤਵੀ ਹੋ ਗਿਆ ਸੀ। ਇਸ ਲਈ ਗੁਰਚਰਨ ਵੀ



Sri Satguru Jagjit Singh Ji eLibrary NamdhariElibrary@gmail.com

ਨਿਊਯਾਰਕ ਤੋਂ ਏਥੇ ਨਹੀਂ ਸੀ ਪੁੱਜਾ। ਕਰਤਾਰ ਨੂੰ ਉਸਦੇ ਦੋਸਤਾਂ ਅਤੇ ਪ੍ਰਸ਼ੰਸਕਾਂ ਨੇ ਪਿਛੇ ਇੰਗਲੈਂਡ ਵਿਚ ਹੀ ਰੋਕ ਲਿਆ ਸੀ। ਉਹਨਾਂ ਦੀ ਇੱਛਾ ਸੀ ਕਿ ਉਹ ਸ਼ੁਰੂ ਅਗਸਤ ਵਿਚ ਸਵਿਟਜ਼ਰਲੈਂਡ ਵਿਚ ਹੋ ਰਹੀਆਂ ਵੈਟਰਨ ਕੁਸ਼ਤੀਆਂ ਵਿਚ ਭਾਗ ਲਵੇ ਤੇ ਓਨਾ ਚਿਰ ਇੰਗਲੈਂਡ ਰਹਿ ਕੇ 'ਜ਼ੋਰ' ਕਰੇ ਤੇ ਆਪਣੇ ਸਰੀਰ ਨੂੰ 'ਫਿੱਟ' ਕਰ ਲਵੇ।

ਹਰਭਜਨ ਸਿੰਘ ਸਵੇਰ ਤੋਂ ਕੰਮ ਉੱਪਰ ਸੀ ਤੇ ਹਣ ਰਾਤ ਨੂੰ ਵੀ ਉਸਦੇ ਗੈਸ-ਸਟੇਸ਼ਨ ਅਤੇ ਸਟੋਰ ਉਪਰ ਕੰਮ ਕਰਨ ਵਾਲਾ ਬੰਦਾ ਛੁੱਟੀ 'ਤੇ ਚਲਾ ਜਾਣ ਕਰਕੇ ਅੱਜ ਦੀ ਪੂਰੀ ਰਾਤ ਵੀ ਉਹਨੂੰ ਕੰਮ 'ਤੇ ਜਾਗਣਾ ਪੈਣਾ ਸੀ। ਉਸ ਅਗਲੇ ਦਿਨ ਸਵੇਰੇ ਕੰਮ ਤੋਂ ਵਿਹਲੇ ਹੋਕੇ ਮੈਨੂੰ ਮਿਲਣ ਦਾ ਵਾਅਦਾ ਕੀਤਾ। ਮੈਂ ਕਿਹਾ ਕਿ ਲਗਾਤਾਰ ਚਵ੍ਹੀ ਘੰਟੇ ਕੰਮ ਕਰਕੇ ਉਹ ਡਾਢਾ ਥੱਕ ਜਾਵੇਗਾ। ਉਸਨੂੰ ਅਗਲੀ ਵਿਹਲ ਵਿਚ ਆਰਾਮ ਕਰਨਾ ਚਾਹੀਦਾ ਹੈ। ਮੇਰ ਮਨ ਵਿਚ ਸੀ ਕਿ ਅਜੇ ਤਾਂ ਕਾਨਫਰੰਸ ਦੇ ਅਕਾਦਮਿਕ ਸੈਸ਼ਨ ਚੱਲ ਹੀ ਰਹੇ ਸਨ ਤੇ ਅਸੀਂ ਵੀ ਉਹਨਾਂ ਵਿਚ ਰੁਝੇ ਰਹਿਣਾ ਸੀ। ਇਸ ਲਈ ਹਰਭਜਨ ਸਿੰਘ ਨੂੰ ਕਿਉਂ ਵਾਧੂ ਦੀ ਖੇਚਲ ਦਿੱਤੀ ਜਾਵੇ।

### ਸ਼ਹਿਰ ਦਾ ਗੇੜਾ

ਅਗਲੀ ਸਵੇਰ ਅਸੀਂ ਲਾਬੀ ਵਿਚ ਬੈਠੇ ਨਾਸ਼ਤਾ ਕਰ ਰਹੇ ਸਾਂ ਕਿ ਹਰਭਜਨ ਦਾ ਫੋਨ ਆ ਗਿਆ। ਉਹ ਥੋੜ੍ਹੀ ਦੇਰ ਤਕ ਸਾਡੇ ਕੋਲ ਪੁਜ ਰਿਹਾ ਸੀ।

ਕੁਝ ਮਿੰਟ ਹੀ ਬੀਤੇ ਸਨ ਕਿ ਫ਼ੀਰੋਜ਼ੀ ਰੰਗ ਦੀ ਪੱਗ ਬੰਨ੍ਹੀ, ਅੱਖਾਂ 'ਤੇ ਧੁੱਪ ਦੀਆਂ ਐਨਕਾਂ ਲਾਈ ਡੈਲੀਗੇਟਾਂ ਤੋਂ ਵੱਖਰਾ ਪਛਾਣੇ ਜਾਣ ਵਾਲਾ ਬੰਦਾ ਵੇਖਦਿਆ ਹੀ ਮੈਂ ਉਠਕੇ ਉਸ ਵਲ ਵਧਿਆ। ਉਸ ਨੇ ਵੀ ਮੈਨੂੰ ਪਛਾਣ ਲਿਆ ਤੇ ਬੜੇ ਮੋਹ ਨਾਲ ਮਿਲਿਆ।

"ਤੁਹਾਨੂੰ ਕਿਹਾ ਤਾਂ ਸੀ ਕਿ ਤੁਸੀਂ ਆਰਾਮ ਕਰਨਾ ਸੀ ਅੱਜ! ਏਨੇ ਥੱਕੇ ਹੋਏ ਹੋ। ਚਵ੍ਹੀ ਘੰਟੇ ਲਗਾਤਾਰ ਕੰਮ ਤੇ ਨਾਲ ਜਗਰਾਤਾ ਵੀ.."

ਮੈਂ ਆਖਿਆ ਤਾਂ ਉਹ ਕਹਿਣ ਲਗਾ, "ਭਾ ਜੀ, ਇਹ ਅਮਰੀਕਾ ਹੈ। ਏਥੇ ਦਿਨ ਰਾਤ ਵੇਖੇ ਬਗੈਰ ਤੇ ਅੱਕੇ ਥੱਕੇ ਬਗੈਰ ਕੰਮ ਕਰਨਾ ਪੈਂਦੈ...ਤੁਸੀਂ ਹਾ ਛੱਡੋ ..ਬੈਠੋ ਗੱਡੀ ਵਿਚ...ਘਰ ਚਲਕੇ ਬਰੇਕਫਾਸਟ ਕਰਦੇ ਆਂ।"

ਅਸੀਂ ਤਰਲਿਆਂ ਨਾਲ ਉਸਨੂੰ ਰੋਕਿਆ ਕਿ ਹੁਣ ਨਾਸ਼ਤਾ ਤਾਂ ਕਰ ਲਿਆ ਹੈ। ਉਂਝ ਵੀ ਕਾਨਫਰੰਸ 'ਚ ਅਗਲੇ ਦਿਨ ਦੀ ਕਾਰਵਾਈ ਵਿਚ ਹਾਜ਼ਰ ਹੋਣ ਲਈ ਲਿਜਾਣ ਵਾਸਤੇ ਬੱਸਾਂ ਤਿਆਰ ਖੜ੍ਹੀਆਂ ਸਨ। ਧੰਨਵਾਦ ਕਰਦਿਆਂ ਮੈਂ ਉਸ ਨੂੰ ਘਰ ਜਾ ਕੇ ਆਰਾਮ ਕਰਨ ਲਈ ਕਿਹਾ।

"ਤੁਸੀਂ ਬੈਠੋ ਤਾਂ ਸਹੀ ਕਾਰ ਵਿਚ...ਕਾਨਫਰੰਸ 'ਤੇ ਹੀ ਚਲੇ ਚਲਦੇ ਆਂ ..ਮੈਂ ਨਹੀਂ ਵੇਖ ਸਕਦਾ ਕਾਨਫ਼ਰੰਸ?" ਉਹ ਹੱਸਿਆ।

"ਕਿਉਂ ਨਹੀਂ...ਕਿਉਂ ਨਹੀਂ।" ਮੈਂ ਉਹਦੇ ਪਿਆਰ ਅੱਗੇ ਢਿੱਲਾ ਪੈ ਗਿਆ।

ਉਸ ਨੇ ਮੈਨੂੰ ਅਤੇ ਦੋ ਹੋਰ ਦੋਸਤਾਂ ਨੂੰ ਆਪਣੀ ਕਾਰ ਵਿਚ ਬਿਠਾਇਆ ਅਤੇ ਯੂਨੀਵਰਸਿਟੀ ਵੱਲ ਲੈ ਤੁਰਿਆ।

ਪਹਿਲਾ ਸੈਸ਼ਨ ਉਸ ਨੇ ਸਾਡੇ ਨਾਲ ਹੀ ਸੁਣਿਆ। ਮਿਲਵਾਕੀ ਤੋਂ ਕਾਨਫਰੰਸ ਵਿਚ ਪੁਜੇ ਆਪਣੇ ਕੁਝ ਜਾਣੂ ਬੰਦਿਆਂ ਨਾਲ ਹੀ ਗੱਪ-ਗੋਸ਼ਟ ਚਲਾਈ। ਸੈਸ਼ਨ ਖਤਮ ਹੁੰਦਿਆਂ ਹੀ ਹਰਭਜਨ ਮੈਨੂੰ ਕਹਿਣ ਲਗਾ,

"ਭਾ ਜੀ, ਇਹ ਕੰਮ ਤਾਂ ਚਲਦਾ ਹੀ ਰਹਿਣਾ ਹੈ... ਤੁਸੀਂ ਉਥੇ ਵੀ ਇਹੋ ਕੁਝ ਕਰਦੇ ਆਏ ਓ ..ਤੇ ਅੱਗੋਂ ਵੀ ਇਹੋ ਕੁਝ ਕਰਦੇ ਹੀ ਰਹਿਣਾ ਹੈ। ...ਚਲੋ ਸ਼ਹਿਰ ਘੁੰਮ ਫਿਰ ਕੇ ਆਉਂਦੇ ਹਾਂ।"

ਉਹ ਆਪਣੀ ਦਿਹਾੜੀ ਸਾਡੀ 'ਸੇਵਾ' ਦੇ ਲੇਖੇ ਲੱਗੀ ਵੇਖਣੀ ਚਾਹੁੰਦਾ ਸੀ।

ਸਾਫ ਤੇ ਸੋਹਣੇ ਸ਼ਹਿਰ ਮਿਲਵਾਕੀ ਦੀਆਂ ਸੜਕਾਂ ਉਤੇ ਗੇੜੇ ਕੱਟਦੀ ਉਹਦੀ ਕਾਰ ਉੱਡੀ ਜਾ ਰਹੀ ਸੀ। ਤਿੰਨ-ਤਿੰਨ ਲਾਈਨਾਂ ਵਿਚ ਚਲਦੇ ਕਾਰਾਂ ਦੇ ਅੱਗੜ-ਪਿੱਛੜ ਕਾਫ਼ਲੇ। ਕਾਰ ਦੀ ਸਪੀਡ ਅਨੁਸਾਰ ਲਾਈਨ ਬਦਲ ਲਈ ਜਾਂਦੀ। ਕਿਸੇ ਹਾਰਨ ਦੀ ਆਵਾਜ਼ ਨਹੀਂ ਸੀ। ਕਿਧਰੇ ਗੱਡੀਆਂ ਧੂੰਆਂ ਨਹੀਂ ਸਨ ਮਾਰ ਰਹੀਆਂ। ਨਾ ਹੀ ਕਿਧਰੇ ਸੜਕਾਂ ਤੇ ਕੋਈ ਬੰਦਾ ਤੁਰਿਆ ਜਾਂਦਾ ਦਿਖਾਈ ਦਿੰਦਾ ਸੀ ਤੇ ਨਾ ਹੀ ਕੋਈ ਟਰੱਕ ਡਰਾਈਵਰ ਬਰੇਕ ਮਾਰ ਕੇ ਬਾਰੀ ਚੋਂ ਮੂੰਹ ਕੱਢਕੇ ਆਖਦਾ ਸੀ, "ਕਿਉਂ ਮਰਨ ਮਰਨ ਕਰਦੈਂ? ਬੀਮਾ ਕਰਵਾਇਆ ਈ ਤਾਂ ਕਿਸੇ ਹੋਰ ਦੀ ਗੱਡੀ ਹੇਠਾਂ ਆ ਕੇ ਮਰ!"

ਸੜਕਾਂ 'ਤੇ ਪੂਰੀ ਸਫਾਈ। ਕਿਧਰੇ ਕੋਈ ਕਾਗਜ਼ ਦਾ ਟੁਕੜਾ ਤਕ ਡਿੱਗਾ ਦਿਖਾਈ ਨਹੀਂ ਸੀ ਦਿੰਦਾ। ਉੱਚੀਆਂ ਸੁੰਦਰ ਇਮਾਰਤਾਂ—ਜਿਵੇਂ ਹੁਣੇ ਕੋਈ ਬਣਾ-ਸਵਾਰਕੇ ਉਹਨਾਂ ਨੂੰ ਧਰਤੀ ਤੇ ਧਰ ਗਿਆ ਹੋਵੇ। ਕਿਧਰੇ ਘੱਟਾ-ਮਿੱਟੀ ਨਹੀਂ ਸੀ ਉੱਡ ਰਿਹਾ। ਸੜਕਾਂ ਕਿਨਾਰੇ ਅੱਖਾਂ ਨੂੰ ਠੰਢਕ



Sri Satguru Jagjit Singh Ji eLibrary NamdhariElibrary@gmail.com

ਪਹੁੰਚਾਉਂਦੀ ਹਰਿਆਵਲ। ਨਿਕੀਆਂ ਨਿਕੀਆਂ ਗੱਲਾਂ... ਹਾਸੇ-ਠੱਠੇ ਦਾ ਮਾਹੌਲ। ਪਤਾ ਹੀ ਨਾ ਲੱਗਾ ਕਦੋਂ ਕਾਰ ਮਿਸ਼ੀਗਨ ਝੀਲ ਦੇ ਕੰਢੇ ਤੇ ਪਾਰਕਿੰਗ ਲਈ ਜਾ ਰੁਕੀ। ਇਹ ਝੀਲ ਸੰਸਾਰ ਦੀਆਂ ਪ੍ਰਸਿਧ ਅਤੇ ਵੱਡੀਆਂ ਝੀਲਾਂ ਵਿਚੋਂ ਇਕ ਹੈ। ਝੀਲ ਦੇ ਵਿਚੋ-ਵਿਚ ਦੂਰ ਤਕ ਦੋਹਰਾ ਰਸਤਾ ਬਣਿਆ ਹੋਇਆ ਸੀ ਤਾਂ ਕਿ ਯਾਤਰੀ ਇਸ ਰਸਤੇ 'ਤੇ ਚਲਕੇ ਦੋਹੀਂ ਪਾਸੀਂ ਸਮੁੰਦਰ ਵਾਂਗ ਪਸਰੀ ਹੋਈ ਵਿਸ਼ਾਲਤਾ ਨਾਲ ਇਕਸੁਰ ਹੋ ਸਕੇ। ਝੀਲ ਏਡੀ ਵੱਡੀ ਸੀ ਖੱਬੇ ਹੱਥ ਦੂਰ ਦਿਸਹੱਦੇ ਤੱਕ ਪਾਣੀ ਹੀ ਪਾਣੀ ਨਜ਼ਰ ਆਉਂਦਾ ਸੀ। ਇਸ ਝੀਲ ਦੀ ਵਿਸ਼ਾਲਤਾ ਦਾ ਤਾਂ ਇਥੋਂ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਇਸ ਵਿਚ ਸਮੁੰਦਰੀ ਜਹਾਜ਼ ਵੀ ਚਲਦੇ ਹਨ। ਉਸ ਦਿਨ ਪਾਣੀ ਮੱਛਰਿਆ ਹੋਇਆ ਸੀ ਤੇ ਉਸਦੀਆਂ ਛੱਲਾਂ ਡਰਾਉਣੀ ਗੜਗੜਾਹਟ ਪਾਉਂਦੀਆਂ ਉੱਛਲ ਉੱਛਲ ਉਪਰ ਨੂੰ ਉੱਠਦੀਆਂ ਸਨ। ਕਦੀ ਕਦੀ ਇਹ ਛੱਲਾਂ ਵਿਚਕਾਰਲੇ ਸੜਕ ਵਾਂਗ ਬਣੇ ਰਾਹ ਉਤੇ ਵੀ ਆ ਚੜ੍ਹਦੀਆਂ।

ਅਸੀਂ ਵੀ ਕੁਝ ਦੂਰ ਤਕ ਝੀਲ ਵਿਚ ਬਣੇ ਉਸ ਰਾਹ ਉਪਰ ਤੁਰੇ। ਪਾਣੀ 'ਚੋਂ ਆਉਂਦੀ ਠੰਢੀ ਹਵਾ ਵਿਚ ਨਮੀ ਸੀ। ਇਕੱਲੇ ਬੰਦੇ ਨੂੰ ਲੈ ਕੇ ਪਾਣੀ ਦੀ ਹਿੱਕ ਉਤੇ ਤੈਰਨ ਵਾਲੀ ਮੋਟਰ ਬੋਟ ਉਤੇ ਚੜ੍ਹਕੇ ਕੁਝ ਸਾਹਸੀ ਲੋਕ ਝੀਲ ਦੇ ਪਾਣੀ ਉਪਰ ਫਿਰਦੇ ..ਕਦੀ ਕਦੀ ਜਦੋਂ ਦੂਰੋਂ ਦਿਸਦੇ ਤਾਂ ਛੋਟੇ ਜਿਹੇ ਬਿੰਦੂ ਦੇ ਆਕਾਰ ਜਿੰਨੇ ਲਗਦੇ। ਪਾਣੀ ਦੀ ਛੱਲ ਨਾਲ ਉਹਨਾਂ ਦੀ ਮੋਟਰ ਬੋਟ ਉਛਲਦੀ ਤੇ ਉਹ ਉੱਭਰੇ ਹੋਏ ਪਾਣੀ ਦੇ ਸਿਰੇ 'ਤੇ ਪਲ ਦੀ ਪਲ ਇੰਝ ਲਗਦੇ ਜਿਵੇਂ ਸਾਹ ਲੈਂਦੀ ਮਾਂ ਦੀ ਛਾਤੀ 'ਤੇ ਕੋਈ ਬੱਚਾ ਲੇਟਿਆ ਹੋਵੇ। ਕਈ ਵਾਰ ਬੋਟ ਪਾਣੀ ਦੇ ਉਛਾਲ ਵਿਚ ਡੁੱਬ ਗਈ ਲਗਦੀ, ਪਰ ਦੂਜੇ ਹੀ ਪਲ ਉਹ ਫਿਰ ਪਾਣੀ ਦੀ ਹਿੱਕ ਉਪਰ ਤੈਰਨ ਲਗਦੀ। ਆਪਣੇ ਆਪ ਨੂੰ ਬੋਟ ਵਿਚ ਬੈਠਾ ਅਨੁਭਵ ਕਰਕੇ ਤੇ ਦੂਰ ਤੱਕ ਫੈਲੇ ਪਾਣੀ ਨੂੰ ਪਹਿਲੀ ਵਾਰ ਏਨਾ ਨੇੜਿਓਂ ਤੱਕ ਕੇ ਮੈਨੂੰ ਤਾਂ ਕੰਬਣੀ ਆ ਜਾਂਦੀ।

ਭਾਰਤੀ ਯਾਤਰਾ-ਸਥੱਲਾਂ 'ਤੇ ਜਿਵੇਂ ਪ੍ਰੇਮੀ ਜੋੜਿਆਂ ਨੇ ਆਪਣੇ ਨਾਂ ਉੱਕਰੇ ਹੁੰਦੇ ਹਨ ਉਂਝ ਹੀ ਵਿਚਕਾਰਲੇ ਸੱਜੇ ਖੱਬੇ ਰਾਹ ਵਿਚ ਵੰਡ ਪਾਉਂਦੀ ਕੰਧ ਉਪਰ ਅਤੇ ਰਾਹ ਵਿਚਲੇ ਸੜਕੀ ਫਰਸ਼ ਉਪਰ ਵੱਡੇ ਵੱਡੇ ਦਿਲ ਬਣਾ ਕੇ ਉਸ ਵਿਚ ਪ੍ਰੇਮੀਆਂ ਨੇ ਆਪਣੇ ਨਾਂ ਲਿਖੇ ਹੋਏ ਸਨ। ਤੁਰੇ ਜਾਂਦਿਆਂ ਸਾਡੇ ਪੈਰਾਂ ਹੇਠਾਂ ਵੱਡਾ ਸਾਰਾ ਦਿਲ ਆ ਗਿਆ, ਜਿਸ ਵਿਚ ਸੱਜੇ ਖੱਬੇ ਲਿਖਿਆ ਹੋਇਆ ਸੀ ;

"ਬੌਬ ਲਵਜ਼ ਐਲਿਸ"

ਇਹ ਵੀ ਦਿਨ ਹੁੰਦੇ ਹਨ ਜਦੋਂ ਪਿਆਰ ਵਿਚ ਗੁੱਝੇ ਤੇ ਰੁੱਝੇ ਪ੍ਰੇਮੀ ਚਾਹੁੰਦੇ ਹਨ ਕਿ ਧਰਤੀ ਦੇ ਜ਼ੱਰੇ ਜ਼ੱਰੇ ਉੱਤੇ ਉਹਨਾਂ ਦਾ ਹੀ ਨਾਮ ਲਿਖਿਆ ਹੋਵੇ ਅਤੇ ਹਵਾਵਾਂ ਉਹਨਾਂ ਦੇ ਪਿਆਰ ਦੀ ਖ਼ਬਰ ਲੈ ਕੇ ਉੱਡਦੀਆਂ ਫਿਰਨ। ਪਿਆਰ ਦਾ ਇਹ ਵਿਸ਼ਵ-ਵਿਆਪੀ ਜਜ਼ਬਾ ਝੀਲ ਵਿਚ ਵੀ ਘੁਲ ਗਿਆ ਜਾਪਦਾ ਸੀ।

ਮਿਸ਼ੀਗਨ ਝੀਲ ਦਾ ਗੇੜਾ ਕੱਢ ਕੇ ਹਰਭਜਨ ਸਿੰਘ ਸਾਨੂੰ ਆਪਣੇ ਗੈਸ ਸਟੇਸ਼ਨ 'ਤੇ ਲੈ ਗਿਆ। ਉਥੋਂ ਤੇਲ ਪਾਇਆ। ਤੇਲ ਪਾਉਣ ਦੇ ਦੋ ਤਰੀਕੇ ਹਨ। ਇਕ ਤਾਂ ਹੈ ਸ੍ਵੈ-ਸੇਵਾ ਦਾ। ਆਉਣ ਵਾਲਾ ਬੰਦਾ ਆਪ ਹੀ ਕਾਰ ਵਿਚ ਤੇਲ ਪਾਉਂਦਾ ਹੈ। ਅੰਦਰ ਬੈਠੇ ਬੰਦੇ ਨੂੰ ਉਥੇ ਹੀ ਪਤਾ ਲੱਗ ਜਾਂਦਾ ਹੈ ਕਿ ਤੇਲ ਕਿੰਨਾ ਪਿਆ ਹੈ। ਗਾਹਕ ਅੰਦਰ ਜਾਕੇ ਉਸ ਨੂੰ ਪੈਸੇ ਦੇ ਦਿੰਦਾ ਹੈ। ਦੂਜਾ ਤਰੀਕਾ ਹੈ ਸਾਡੇ ਪੈਟਰੋਲ ਪੰਪਾਂ ਵਾਂਗ ਗੱਡੀ ਦਾ ਮਾਲਕ ਅੰਦਰ ਬੈਠਾ ਰਹਿੰਦਾ ਹੈ ਤੇ ਸਟੇਸ਼ਨ ਤੇ ਕੰਮ ਕਰਨ ਵਾਲਾ ਕਾਮਾ ਚਾਬੀ ਲੈ ਕੇ ਪੈਟਰੋਲ ਪਾਉਂਦਾ ਹੈ। ਇਹ ਸੇਵਾ ਮਹਿੰਗੀ ਹੁੰਦੀ ਹੈ ਤੇ ਇਸ ਲਈ ਕੁਝ ਵੱਧ ਅਦਾ ਕਰਨਾ ਪੈਂਦਾ ਹੈ। ਅਮੀਰ ਜਾਂ 'ਅਖਣੇ ਮਖਣੇ' ਕਰਨ ਵਾਲੇ ਗਾਹਕ ਹੀ ਇਸ ਤਰ੍ਹਾਂ ਗੈਸ (ਪੈਟਰੋਲ) ਪੁਆਉਂਦੇ ਹਨ ਨਹੀਂ ਤਾਂ ਬਹੁਤਾ ਢੰਗ ਆਪ ਹੀ ਆਪਣੇ ਹੱਥੀਂ 'ਕਾਜ ਸਵਾਰਨ' ਵਾਲਾ ਵਰਤਿਆ ਜਾਂਦਾ ਹੈ। ਹਰੇਕ ਗੈਸ ਸਟੇਸ਼ਨ 'ਤੇ ਨਾਲ ਸਟੋਰ ਵੀ ਹੁੰਦਾ ਹੈ ਤੇ ਇਥੋਂ ਗਾਹਕ ਲੋੜੀਂਦੀਆਂ ਖਾਣ-ਪੀਣ ਦੀਆਂ ਵਸਤਾਂ ਖਰੀਦ ਸਕਦਾ ਹੈ ਅਤੇ ਸਫ਼ਰ ਦੀ ਲੰਮੀ ਵਾਟ 'ਤੇ ਤੁਰਨ ਲਈ ਮੁੜ-ਚਾਰਜ ਹੋ ਸਕਦਾ ਹੈ।

ਅਸੀਂ ਸਟੋਰ ਦੇ ਅੰਦਰ ਗਏ। ਉਥੇ ਕੰਮ ਕਰਨ ਵਾਲੇ ਬੰਦਿਆਂ ਨੂੰ ਮਿਲੇ। ਕੁਝ ਠੰਡਾ ਪੀਤਾ। ਮੈਨੂੰ ਇਹ ਜਾਣਕੇ ਹੈਰਾਨੀ ਹੋਈ ਕਿ ਏਥੇ ਪੈਟਰੋਲ ਸਸਤਾ ਅਤੇ ਪਾਣੀ ਮਹਿੰਗਾ ਸੀ। ਤੇਲ ਦਾ ਗੈਲਨ ਇਕ ਡਾਲਰ ਅਤੇ ਅਠਾਰਾਂ ਸੈਂਟ ਦਾ ਆਉਂਦਾ ਸੀ ਤੇ ਪਾਣੀ ਇਕ ਡਾਲਰ ਤੇ ਉਨੀ ਸੈਂਟ ਦਾ ਗੈਲਨ। ਪਰ ਜੇ ਪਾਣੀ ਠੰਢਾ ਲੈਣਾ ਹੋਵੇ ਤਾਂ ਉਹ ਹੋਰ ਵੀ ਮਹਿੰਗਾ ਮਿਲਦਾ ਸੀ। ਉਸ ਠੰਢੇ ਪਾਣੀ ਦੇ ਅੱਧੇ ਗੈਲਨ ਦਾ ਮੁੱਲ ਹੀ ਇਕ ਡਾਲਰ ਉਨਤਾਲੀ ਸੈਂਟ ਸੀ।

(ਚਲਦਾ)



Sri Satguru Jagjit Singh Ji eLibrary NamdhariElibrary@gmail.com

# ਚੌਮਿਸਰੇ

—ਚਰਨ ਸੀਚੇਵਾਲਵੀ—

## ਅਣਖ

ਲਗਦੀ ਅੱਗ ਜਾਂ ਅਣਖ ਦੇ ਪਾਣੀਆਂ ਨੂੰ,
ਤਿਣਕਾ ਤਿਣਕਾ ਉਬਾਲਕੇ ਰੱਖ ਦਿੰਦੀ।
ਬੁਝਦੀ ਨਹੀਂ ਬੁਝਾਇਆਂ ਇਹ ਸਾਗਰਾਂ ਤੋਂ,
ਐਸਾ ਭਾਂਬੜ ਇਹ ਬਾਲਕੇ ਰੱਖ ਦਿੰਦੀ।
ਗੱਲ ਕਰਨੀ ਕੀ ਜਿਊਂਦੀਆਂ ਧੜਕਣਾਂ ਦੀ,
ਇਹ ਤਾਂ ਮੁਰਦੇ ਜਿਵਾਲਕੇ ਰੱਖ ਦਿੰਦੀ।
ਤਾਨਾਸ਼ਾਹ ਹੋਵੇ ਲੱਖ ਲੋਹੇ ਵਰਗਾ,
ਇਹ ਤਾਂ ਲੋਹਾ ਵੀ ਢਾਲ ਕੇ ਰੱਖ ਦਿੰਦੀ।

## ਓਸ ਜੇਲ੍ਹ ਵਰਗਾ

ਜਿਥੇ ਨਦੀ ਸਮੁੰਦਰ ਵਿਚ ਜਾ ਡਿਗਦੀ,
ਓਸ ਮੇਲ ਵਰਗਾ ਏਥੇ ਕੁਝ ਨਹੀਓਂ।
ਜਿਹੜੀ ਵਿਛੜੇ ਸੱਜਣ ਮਿਲਾ ਦੇਵੇ,
ਓਸ ਰੇਲ ਵਰਗਾ ਏਥੇ ਕੁਝ ਨਹੀਓਂ।
ਜਿਹੜਾ ਖੁਸ਼ੀ 'ਚ ਸਰਦਲ ਤੇ ਜਾਏ ਚੋਇਆ,
ਓਸ ਤੇਲ ਵਰਗਾ ਏਥੇ ਕੁਝ ਨਹੀਓਂ।
ਕੱਟਣੀ ਪਏ ਸ਼ਹੀਦੀਓਂ ਜਿਹੜੀ ਪਹਿਲਾਂ,
ਓਸ ਜੇਲ੍ਹ ਵਰਗਾ ਏਥੇ ਕੁਝ ਨਹੀਓਂ।

## ਸਿਮਰਨ

ਜੇਕਰ ਕਰਨਾ ਹੈ ਕਰੀਏ ਸ਼ੁਰੂ ਸਿਮਰਨ,
ਹੱਥ ਸੱਚ ਦੀ ਸਿਮਰਨੀ ਫੜ ਲਈਏ।
ਪਲ ਦੋ ਪਲ ਇਕਾਗਰ ਕਰ ਚਿੱਤ ਆਪਣਾ,
ਵਰਕਾ ਗਿਆਨ ਦਾ ਵੀ ਕੋਈ ਪੜ੍ਹ ਲਈਏ।
ਆਪਣਾ ਆਪ ਸੁਆਰੀਏ ਮੂੰਹ ਮੱਥਾ,
ਵਿਚ ਝਲਕ ਸਵੇਰ ਦੀ ਜੜ ਲਈਏ।
ਗੱਲ ਸੁਰਤੀ ਟਿਕਾਉਣ ਦੀ ਹੈ ਸਾਰੀ,
ਜਿਸਨੂੰ ਰੱਬ ਕਹਿੰਦੇ ਓਹ ਵੀ ਘੜ ਲਈਏ।

## ਗੁਰੂ ਦੇ ਸਿੱਖ

ਧੰਨ ਧੰਨ ਉਹ ਗੁਰੂ ਦੇ ਸਿੱਖ ਜਿਹੜੇ,
ਕੰਧ ਕੂੜ ਦੀ ਵਿਚੋਂ ਮਿਟਾਣ ਆਏ।
ਉਹ ਵੀ ਘੱਟ ਨਹੀਓਂ ਜਿਹੜੇ ਸੰਗਤਾਂ ਦੀ,
ਹੱਥੀਂ ਆਪਣੀ ਸੇਵ ਕਮਾਣ ਆਏ।
ਇਨ੍ਹਾਂ ਵਲ ਵੀ ਵੇਖ ਲਓ ਮੇਰੇ ਸਾਈਆਂ,
ਜਿਹੜੇ ਆਪਣਾ ਆਪ ਵਿਖਾਣ ਆਏ।
ਉਹ ਵੀ ਕਿਸੇ ਨਾਲੋਂ ਘੱਟ ਨਹੀਂ ਲੱਗਦੇ,
ਜਿਹੜੇ ਲੰਗਰ ਹੀ 'ਚਰਨ ਜੀ' ਖਾਣ ਆਏ।

## ਸਿਆਸਤ

ਸਾਨੂੰ ਸਿਆਸਤ ਨੇ ਚਰਖੇ ਬਣਾ ਦਿਤਾ,
ਪੂਣੀ ਕਿਸੇ ਪਾਸੇ ਤੰਦ ਕਿਸੇ ਪਾਸੇ।
ਧੁੱਪ ਤੇ ਚਾਨਣੀ ਵੀ ਵੇਖੋ ਵੰਡ ਸੁੱਟੀ,
ਸੂਰਜ ਕਿਸੇ ਪਾਸੇ ਚੰਦ ਕਿਸੇ ਪਾਸੇ।
ਨਾ ਉਹ ਮੂੰਹ-ਮੁਲ੍ਹਾਜੇ ਹੀ ਰਹਿਣ ਦਿੱਤੇ,
ਹਾਸਾ ਕਿਸੇ ਪਾਸੇ ਦੰਦ ਕਿਸੇ ਪਾਸੇ।
ਮੇਰੇ ਅੱਖਰਾਂ ਤਾਈਂ ਵੀ ਬਖਸ਼ਿਆ ਨਹੀਂ,
ਕਵਿਤਾ ਕਿਸੇ ਪਾਸੇ ਛੰਦ ਕਿਸੇ ਪਾਸੇ।

## ਖ਼ਿਆਲ

ਜੇਕਰ ਭਲਾ ਨਹੀਂ ਕਿਸੇ ਦਾ ਕਰ ਸਕਦਾ,
ਐਵੇਂ ਲੂਣ ਵੀ ਜ਼ਖ਼ਮਾਂ 'ਤੇ ਛਿੜਕੀਏ ਨਾ।
ਜੇ ਨਹੀਂ ਪਾਣੀ ਦਾ ਘੁੱਟ ਪਿਲਾਉਣ ਜੋਗੇ,
ਐਵੇਂ ਮੇਘ ਬਣ ਗਰਜੀਏ, ਗੜ੍ਹਕੀਏ ਨਾ।
ਹੁੰਦਾ ਦਿਲ ਬਿਮਾਰ ਦਾ ਬਹੁਤ ਨਾਜ਼ੁਕ,
ਕਦੇ ਭੁੱਲਕੇ ਵੀ ਉਸ ਨੂੰ ਝਿੜਕੀਏ ਨਾ।
'ਚਰਨ' ਤੁਰੇ ਖ਼ਿਆਲ ਤਾਂ ਫੜ ਲਈਏ,
ਨਹੀਂ ਤੇ ਅੱਖਰਾਂ ਨੂੰ ਖਾਲੀ ਰਿੜਕੀਏ ਨਾ।



Sri Satguru Jagjit Singh Ji eLibrary NamdhariElibrary@gmail.com

# "ਸਿਤਾਰੋਂ ਸੇ ਆਗੇ........"

—ਤ੍ਰਲੋਕ ਮਨਸੂਰ

ਪਿਛਲੇ ਕੁਝ ਅਰਸੇ ਤੋਂ ਪੰਜਾਬੀ ਪਰਚਿਆਂ/ਅਖਬਾਰਾਂ ਦੇ ਕਾਲਮਾਂ ਵਿਚ ਤਰਕਸ਼ੀਲਾਂ ਤੇ ਅਧਿਆਤਮਵਾਦੀਆਂ ਵਿਚਾਲੇ ਵਿਚਾਰਾਂ ਦੇ ਵਖਰੇਵੇਂ ਪੱਖੋਂ ਇਕ ਤਰ੍ਹਾਂ ਦਾ ਯੁਧ ਜਿਹਾ ਚਲ ਰਿਹਾ ਹੈ। ਅਖਬਾਰਾਂ, ਰਸਾਲਿਆਂ ਦੇ ਸੰਪਾਦਕਾਂ ਨੇ ਇਸ ਵਿਸ਼ੇ ਨੂੰ ਢੁਕਵੀਂ ਥਾਂ ਦੇ ਕੇ ਸ਼ਲਾਘਾਯੋਗ ਉੱਦਮ ਕੀਤਾ ਹੈ। ਇਸ ਨਾਲ ਇਕ ਤੇ ਸਾਹਿਤ-ਜਗਤ ਵਿਚ ਇਕ ਮਹੱਤਵਪੂਰਨ ਪਰ ਅਣਛੋਹੇ ਵਿਸ਼ੇ ਵਲ ਪਾਠਕਾਂ ਦਾ ਧਿਆਨ ਖਿਚਿਆ ਗਿਆ ਹੈ ਤੇ ਦੂਜੇ ਜ਼ਿੰਦਗੀ ਦੇ ਰਹੱਸਮਈ ਵਰਤਾਰੇ ਨੂੰ ਸਮਝਣ-ਸਮਝਾਣ ਤੇ ਇਸ ਬਾਰੇ ਚਿੰਤਨ ਦੀ ਰੁਚੀ ਪਨਪੀ ਹੈ।

ਸਮੇਂ ਸਮੇਂ ਸਿਰ ਛਪੇ ਇਹਨਾਂ ਲੇਖਾਂ ਨੂੰ ਪੜ੍ਹਕੇ ਖੁਸ਼ੀ ਵੀ ਹੁੰਦੀ ਹੈ ਤੇ ਹਾਸਾ ਜਿਹਾ ਵੀ ਆਉਂਦਾ ਹੈ। ਖੁਸ਼ੀ ਇਹ ਕਿ ਚੁੰਝਾਂ-ਪਹੁੰਚਿਆਂ ਦੀ ਵਾਹਵਾ ਵਰਤੋਂ ਹੋ ਰਹੀ ਹੈ, ਤੇ ਹਾਸਾ ਏਸ ਗੱਲ ਦਾ ਕਿ ਅੱਧੇ ਭਰੇ ਗਲਾਸ ਨੂੰ—ਇਕ ਧਿਰ ਕਹੀ ਜਾ ਰਹੀ ਹੈ ਅੱਧਾ ਭਰਿਆ ਹੈ, ਤੇ ਦੂਜੀ ਧਿਰ ਇਸ ਨੂੰ ਅੱਧਾ ਖਾਲੀ ਹੈ—ਸਾਬਤ ਕਰਨ ਤੇ ਤੁਰੀ ਹੋਈ ਹੈ। ਇਕ ਧਿਰ ਕਾਹੰਦੀ ਹੈ, "ਅੱਧਾ ਭਰਿਆ ਹੈ, ਤੂੰ ਮੰਨਦਾ ਨਹੀਂ ਨਾ; ਇਸ ਲਈ ਤੂੰ ਲਾਈਲੱਗ, ਉਜੱਡ ਤੇ ਅੰਧ-ਵਿਸ਼ਵਾਸੀ ਏਂ!" ਦੂਜਾ ਆਖਦਾ ਹੈ, "ਮੰਨ ਨਾ ਮੰਨ ਅੱਧਾ ਖਾਲੀ ਹੈ, ਤੈਨੂੰ ਸਮਝ ਨਹੀਂ ਆ ਰਹੀ; ਕਿਉਂਕਿ ਤੂੰ ਨਾਸਤਕ ਏਂ।"

ਅੱਗੇ ਚੱਲਕੇ ਵੇਖਾਂਗੇ ਕਿ ਵਿਚਾਰਾਂ ਦੇ ਵਖਰੇਵੇਂ ਦਾ ਕੀ ਕਾਰਣ ਹੈ? ਪਹਿਲਾਂ ਇਹ ਵੇਖੀਏ ਕਿ ਇਹ ਸਾਰਾ ਅਡੰਬਰ ਹੈ ਕੀ?

ਗੱਲ ਗੁਰੂ ਨਾਨਕ ਦੇਵ ਜੀ ਦੇ ਇਕ-ਓਂ-ਕਾਰ ਤੋਂ ਸ਼ੁਰੂ ਕਰ ਲੈਂਦੇ ਹਾਂ—

ਗੁਰੂ ਸਾਹਿਬ ਕਹਿੰਦੇ ਹਨ, "ਉਹ ਇਕ ਹੈ!" ਇਹ 'ਉਹ' ਕੌਣ ਹੋਇਆ?

ਇਹ 'ਉਹ' ਜਿਸ ਵੱਲ ਇਸ਼ਾਰਾ ਕੀਤਾ ਗਿਆ ਹੈ, ਇਸ ਜਗਤ ਦਾ, ਇਸ ਲੀਲ੍ਹਾ ਦਾ, ਇਸ ਸਾਰੇ ਪਸਾਰੇ ਦਾ ਸਰੋਤ ਹੈ। ਮੂਲ ਹੈ, ਮੁੱਢ ਹੈ, ਜਿਸ ਵਿਚੋਂ ਇਹ ਦਿਸਦਾ ਜਗਤ-ਰੂਪੀ ਰੁੱਖ ਮੌਲਿਆ, ਵਧਿਆ, ਫੈਲਿਆ ਅਤੇ ਮਹਿਕਿਆ ਹੈ।

ਫਿਰ ਗੁਰੂ ਸਾਹਿਬ ਕਹਿੰਦੇ ਨੇ, 'ਓਂ-ਅੰ-ਅੰ'।

ਇਸ 'ਓਂ...' ਦੇ ਅਰਥ?

ਇਹ ਥੋੜ੍ਹੀ ਜਿਹੀ ਵਿਆਖਿਆ ਮੰਗਦਾ ਹੈ—

ਇਸ ਸ੍ਰਿਸ਼ਟੀ ਦੇ ਪੈਦਾਇਸ਼ ਤੋਂ ਪਹਿਲਾਂ ਦਾ ਨਕਸ਼ਾ ਗੁਰੂ ਗਰੰਥ ਸਾਹਿਬ ਦੇ ਰਾਗ ਮਾਰੂ ਵਿਚ ਬੜਾ ਸੁਹਣਾ ਖਿੱਚਿਆ ਗਿਆ ਹੈ—ਅਰਬਦ ਨਰਬਦ ਧੁੰਧੂਕਾਰਾ, ਸੁੰਨ ਸਮਾਧ ਲਗਾਇੰਦਾ— ਆਦਿ।

ਜਦੋਂ ਇਹ ਜਗਤ ਹੋਂਦ ਵਿਚ ਨਹੀਂ ਸੀ ਆਇਆ, ਪੂਰੇ ਦਾ ਪੂਰਾ ਇਹ ਪੁਲਾੜ, ਇਹ ਬ੍ਰਹਿਮੰਡ ਧੁੰਧੂਕਾਰਾ ਦੀ ਅਵਸਥਾ ਵਿਚ ਸੀ। ਰੰਗ-ਰੂਪ ਰਹਿਤ, ਆਕਾਰ-ਪ੍ਰਕਾਰ ਰਹਿਤ, ਸੁੰਨ-ਸਮਾਧ ਦੀ ਅਵਸਥਾ ਵਿਚ ਸੀ, ਨਿਰਗੁਣ ਸੀ।

ਫਿਰ ਇਕ ਗੂੰਜ (ਸ਼ਬਦ) ਪੈਦਾ ਹੋਈ। ਇਕ ਨਾਦ ...ਤੇ ਇਸ ਦੇ ਨਾਲ ਹੀ ਪੁਲਾੜ ਗਤੀਸ਼ੀਲ ਹੋਇਆ। ਪੁਲਾੜ ਵਿਚ ਮੌਜੂਦ ਅਤਿ ਸੂਖਸ਼ਮ ਕਣ ਇਕ ਦੂਜੇ ਦੇ ਨਾਲ ਜੁੜਦੇ ਤੇ ਗੋਲ ਅਕਾਰ ਲੈਂਦੇ ਹਨ। ਅਰਬਾਂ ਖਰਬਾਂ ਵਰ੍ਹਿਆਂ ਵਿਚ ਇਸ ਨਿਰੰਤਰ ਵਰਤਾਰੇ ਦੁਆਰਾ ਇਹ ਨਿੱਕੇ ਵੱਡੇ ਸੂਰਜ ਬਣੇ। ਇਹਨਾਂ 'ਚੋਂ ਹੀ ਕੁਝ ਟੁਕੜੇ ਵੱਖ ਹੋ ਕੇ ਗ੍ਰਹਿ ਤੇ ਉਪ-ਗ੍ਰਹਿ ਬਣੇ। ਹੋਰ ਅਰਬਾਂ ਖਰਬਾਂ ਸਾਲਾਂ ਬਾਦ ਇਹਨਾਂ ਉਤੇ ਜੀਵਨ ਦੇ ਅਨੁਕੂਲ ਵਾਤਾਵਰਣ ਪੈਦਾ ਹੋਇਆ। ਬੱਦਲ ਉਠੇ, ਸੈਂਕੜੇ ਵਰ੍ਹੇ ਮੀਂਹ ਪਏ। ਨੀਵੀਆਂ ਥਾਵਾਂ ਵਿਚ ਪਾਣੀ ਜਮ੍ਹਾਂ ਹੋਇਆ। ਪਹਿਲਾਂ ਪਾਣੀ ਦੇ ਜੀਵ ਪੈਦਾ ਹੋਏ। ਮੁੜ ਇਹਨਾਂ 'ਚੋਂ ਕੁਝ ਖੁਰਾਕ ਦੀ ਭਾਲ ਵਿਚ ਧਰਤੀ 'ਤੇ ਆਏ। ...ਤੇ ਇੰਝ ਡਾਰਵਨ ਦੀ 'ਥਿਊਰੀ ਆਫ ਐਵੋਲਿਊਸ਼ਨ' (ਵਿਕਾਸ ਸਿਧਾਂਤ) ਅਨੁਸਾਰ ਗੱਲ ਅੱਜ ਦੇ ਮਨੁੱਖ ਤਕ ਪਹੁੰਚੀ।

ਸ੍ਰਿਸ਼ਟੀ ਦੀ ਉਤਪਤੀ ਬਾਰੇ ਲਾਏ ਇਸ ਅਨੁਮਾਨ ਨਾਲ ਕਰੀਬ ਕਰੀਬ ਦੁਨੀਆਂ ਦੇ ਸਭੇ ਧਰਮ ਸਹਿਮਤ ਹਨ। ਪੱਛਮ ਵਾਲੇ ਇਸ ਨੂੰ 'ਬਿੱਗ-ਬੈਂਗ' ਆਖਦੇ ਹਨ। ਮੁਸਲਮਾਨ ਆਖਦੇ ਨੇ: "ਅੱਲ੍ਹਾ-ਤਾਲਾ ਨੇ ਕਿਹਾ—'ਕੁੰਨ' ਯਾਨੀ 'ਹੋ ਜਾ' ਤੇ ਇਹ ਸਭ ਕੁਝ ਹੋ ਗਿਆ।" ਹਿੰਦੂ ਮਤ



Sri Satguru Jagjit Singh Ji eLibrary NamdhariElibrary@gmail.com

ਗੂੰਜ ਦੇ ਪੈਦਾ ਹੋਣ ਦੀ ਗੱਲ ਕਰਦਾ ਹੈ।

ਤਰਕਸ਼ੀਲ ਆਖ ਸਕਦਾ ਹੈ—"ਗੂੰਜ ਪੈਦਾ ਹੋਈ, ਇਸ ਦਾ ਕੀ ਸਬੂਤ ਹੈ ?"

ਸਬੂਤ ਵਿਗਿਆਨਕ ਹੈ। ਤੁਸੀਂ ਇਕ ਪਤਲੀ ਛਮਕ ਲੈ ਕੇ ਹਵਾ ਵਿਚ ਮਾਰੋ ..'ਸ਼ੂ-ਅ-ਅ-ਅ' ਦੀ ਸ਼ੂਕਰ ਪੈਦਾ ਹੋਂਦੀ ਹੈ। ਰੱਸੀ ਨਾਲ ਬੰਨ੍ਹਕੇ ਕੋਈ ਪੱਥਰ ਆਦਿ ਜ਼ੋਰ ਦੀ ਘਮਾਓ ਇਕ ਗੁੰਜਾਰ ਪੈਦਾ ਹੋਵੇਗੀ। ਪੁਲਾੜ ਵਿਚ ਅਰਬਾਂ ਖਰਬਾਂ ਗ੍ਰਿਹਿ/ਉਪਗ੍ਰਿਹਿ ਤੇਜ਼ ਗਤੀ ਨਾਲ ਚੱਕਰ ਕੱਟ ਰਹੇ ਹਨ। ਇਹਨਾਂ ਦੀ ਗਤੀ ਤੋਂ ਪੈਦਾ ਹੋਈ ਆਵਾਜ਼ ਹੀ ਸ੍ਰਿਸ਼ਟੀ ਦਾ ਸੰਗੀਤ ਹੈ ..ਅਨਹਦ ਨਾਦ ਹੈ। ਜੋ ਲਗਾਤਾਰ ਹੈ ਤੇ ਜਿਸ ਵਿਚ ਖੜੋਤ ਨਹੀਂ ਹੈ। ਇਹ ਮੁੱਢਲਾ ਸ਼ਬਦ ਹੈ ਜੋ ਸਾਨੂੰ ਸਾਡੇ ਸ੍ਰੋਤ ਨਾਲ ਜੋੜਦਾ ਹੈ। ਇਕ ਤਰ੍ਹਾਂ ਦਾ ਸੂਖਮ ਤੇ ਸਥੂਲ ਵਿਚਾਲੇ ਨਿਰਮਤ ਹੋਇਆ ਇਕ ਪੁਲ, ਇਕ ਸੰਪਰਕ ਸਾਧਨ, ਇਸ ਤੋਂ ਪਰੇ ਸੂਖਮ ਹੈ ਇਸ ਤੋਂ ਏਧਰ ਸਥੂਲ ਜਗਤ। ਇਹ ਸਥੂਲ ਨੂੰ ਸੂਖਮ ਵੱਲ ਲੈ ਜਾਣ ਵਾਲਾ ਸ਼ਬਦ ਹੈ। ਗੁਰੂ ਸਾਹਿਬਾਨ ਤੇ ਹੋਰ ਸੰਤ ਮਹਾਤਾਵਾਂ ਨੇ ਬਾਰ ਬਾਰ ਜੋ ਸ਼ਬਦ ਨਾਲ ਜੁੜਨ ਦੀ ਗੱਲ ਕਹੀ ਹੈ।। 'ਨਾਮ' ਜਪਣ ਦੀ ਜੋ ਗੱਲ ਆਖੀ ਹੈ ਉਹ ਨਾਮ ਉਹ ਸ਼ਬਦ ਇਹੀ ਅਨਹਦ-ਨਾਦ ਹੈ।

ਮਨੁੱਖੀ ਭਾਸ਼ਾ ਵਿਚ ਇਸ ਮੁਢਲੇ ਸ਼ਬਦ ਦੀ ਵਿਆਖਿਆ ਕਿਵੇਂ ਕੀਤੀ ਜਾਵੇ ? ਇਹ ਅਸੰਭਵ ਹੈ। ਸੋ ਸਾਡੇ ਰਿਸ਼ੀ ਮੁਨੀਆਂ ਨੇ ਇਸ ਨਾਲ ਮਿਲਦੀ ਜੁਲਦੀ ਅਵਾਜ਼ ਵਾਲਾ ਇਕ ਪ੍ਰਤੀਕ ਸ਼ਬਦ ਈਜਾਦ ਕੀਤਾ ਹੈ ? ਜਿਵੇਂ ਕੋਈ ਇਸ ਅਗੰਮੀ ਸੁਰ ਨਾਲ ਸੁਰ ਮਿਲਾ ਕੇ ਕਹਿ ਰਿਹਾ ਹੋਵੇ— 'ਓ...ਅ...ਅ...ਮ'।

ਇਸ ਓ...ਅ...ਅ...ਅ . ਮ ਦਾ ਪ੍ਰਯੋਗ ਧਰਮ ਗਰੰਥਾਂ ਤੇ ਪੂਜਾ-ਘਰਾਂ ਵਿਚ ਹੋਣ ਲੱਗ ਪਿਆ। ਇਹ ਸ਼ਬਦ ਸਾਡੀ ਭਾਸ਼ਾ ਦਾ ਅੰਗ ਬਣਿਆ ਜੋ ਅਨਹਦ-ਨਾਦ ਵਲ ਸੰਕੇਤ ਕਰਦਾ ਹੈ !

'ਓ' ਏਸ ਓਮ ਦਾ ਸਰਲੀਕਰਣ ਹੈ, ਜਾਂ ਕਹਿ ਲਵੋ ਕਿ ਉਚਾਰਨ ਪਖੋਂ ਪੰਜਾਬੀ ਸੁਭਾਅ ਜਾ ਬੋਲੀ ਦੇ ਵਧੇਰੇ ਅਨੁਕੂਲ ਹੈ। ਸੋ ਗੁਰੂ ਨਾਨਕ ਦੇਵ ਜੀ ਨੇ ਏਸੇ ਦੀ ਓਟ ਲਈ।

ਤੇ—ਕਾਰ ?

ਕਾਰ ਦਾ ਅਰਥ ਹੈ ਲੀਕ, ਲਾਈਨ, ਰੇਖਾ।

ਕਿਹੜੀ ਰੇਖਾ ?

ਉਹ ਰੇਖਾ ਜਿਸ ਦੇ ਪਾਰ 'ਉਹ' ਨਿਰਗੁਣ ਹੈ, ਰੂਪ-ਰੰਗਹੀਣ ਹੈ, ਅਕਾਰ-ਪ੍ਰਕਾਰ ਰਹਿਤ ਹੈ, ਤੇ ਜਿਸ ਦੇ ਉਰਾਰ 'ਉਹ' ਸਰਗੁਣ ਹੋ ਜਾਂਦਾ ਹੈ, ਦਿਸਦਾ ਹੈ, ਛੋਹਿਆ ਜਾ ਸਕਦਾ ਹੈ।

ਤੇ ਇੰਜ ਗੁਰੂ ਨਾਨਕ ਦਾ ਇਹ '੧ਓ-ਕਾਰ' ਸਾਰੇ ਰਹੱਸ ਤੋਂ ਪਰਦਾ ਚੁਕ ਦੇਂਦਾ ਹੈ।

ਇਹ ਸਪਸ਼ਟ ਹੋ ਜਾਂਦਾ ਹੈ ਕਿ —ਇਕ ਸ਼ਕਤੀ ਹੈ ਸਰਬ-ਵਿਆਪਕ। ਦੋ ਰੂਪ ਹਨ ਉਸ ਦੇ - ਸੂਖਮ ਤੇ ਸਥੂਲ। ਨਿਰਗੁਣ ਤੇ ਸਰਗੁਣ। ਇਹ ਸ਼ਕਤੀ ਪਲ ਪਲ ਵਿਗਸ ਵੀ ਰਹੀ ਹੈ ਤੇ ਵਿਨਾਸ਼ ਹੋਂਦੀ ਵੀ ਵਿਖਾਈ ਦੇ ਰਹੀ ਹੈ, ਜੋ ਅਸਲ ਵਿਚ ਵਿਨਾਸ਼ ਨਹੀਂ ਹੋਂਦੀ ਕੇਵਲ ਰੂਪ ਬਦਲਦੀ ਰਹਿੰਦੀ ਹੈ। ਸੂਖਮ ਤੋਂ ਸਥੂਲ ਤੇ ਸਥੂਲ ਤੋਂ ਸੂਖਮ ਵਲ ਦੀ ਪ੍ਰਕਿਰਿਆ। ਇੰਜ ਇਹ ਇਕੁ ਨੂਰ ਤੋਂ ਸਭ ਜਗਤ ਉਪਜ ਰਿਹਾ ਹੈ। ਜੀਵ-ਜੰਤੂ, ਪੌਣ-ਪਾਣੀ, ਰੁਖ ਬਨਸਪਤੀ ਜੋ ਕੁਝ ਵੀ ਦਿਸਦਾ ਅਦਿਸਦਾ ਹੈ, ਸਭ ਇਕੁ ਤੱਤ ਤੋਂ ਹੈ। ਏਸੇ ਲਈ ਇਸ ਨੂੰ ਤੱਤ-ਸਤਿ ਕਿਹਾ ਗਿਆ ਹੈ।

ਅਧਿਆਤਮਵਾਦੀ ਦਿਸਦੇ ਜਗਤ ਨੂੰ, ਪਦਾਰਥ ਨੂੰ ਸਰਿਸ਼ਟੀ ਕਹਿੰਦਾ ਹੈ ਤੇ ਇਸ ਦੇ ਸੂਖਮ ਰੂਪ ਨੂੰ ਪਰਮਾਤਮਾ ਮੰਨਦਾ ਹੈ।

ਤੇ ਇਸ ਸਿਧਾਂਤ ਤੋਂ ਤਾਂ ਤਰਕਸ਼ੀਲ ਵੀ ਇਨਕਾਰੀ ਨਹੀਂ ਹਨ। ਉਹ ਮੰਨਦੇ ਹਨ ਕਿ ਸਾਰਾ ਸੰਸਾਰ ਪਦਾਰਥ ਦੀ ਉਪਜ ਹੈ। ਠੋਸ, ਤਰਲ ਤੇ ਗੈਸ ਹਾਲਤਾਂ ਵਿਚ ਇਹ ਪਦਾਰਥ ਮੌਜੂਦ ਹੈ। ਇਹ ਨਾ ਵਧਦਾ ਹੈ ਨਾ ਘਟਦਾ ਹੈ ਕੇਵਲ ਰੂਪ ਬਦਲਦਾ ਹੈ। ਬਰਫ ਠੋਸ ਹੈ, ਗਰਮੀ ਖਾ ਕੇ ਤਰਲ (ਪਾਣੀ) ਹੋ ਜਾਂਦੀ ਹੈ। ਦੋ ਗੈਸਾਂ ਨੂੰ ਨਿਸਚਿਤ ਮਾਤਰਾ ਵਿਚ ਮਿਲਾ ਦਿਉ ਉਹ ਪਾਣੀ ਬਣ ਜਾਂਦਾ ਹੈ। ਪਾਣੀ ਨੂੰ ਗਰਮ ਕਰੋ, ਭਾਫ਼ ਬਣ ਜਾਵੇਗਾ, ਆਦਿ। ਪਦਾਰਥ ਦੇ ਸੂਖਮ ਕਣਾਂ ਇਲੈਕਟਰੋਨ, ਪ੍ਰੋਟੋਨ ਤੋਂ ਵੀ ਤਰਕਸ਼ੀਲ ਇਨਕਾਰੀ ਨਹੀਂ ਹਨ। ਉਸ ਇਸ ਨੂੰ ਮੰਨਦੇ ਤੇ ਇਸ ਨੂੰ 'ਕਾਸਮਿਕ ਐਨਰਜੀ' ਆਖਦੇ ਹਨ। ਅਧਿਆਤਮਵਾਦੀ ਇਸ ਨੂੰ ਸਰਬ ਵਿਆਪਕ ਸ਼ਕਤੀ ਆਖਦੇ ਹਨ। ਫਿਰ ਫ਼ਰਕ ਕੀ ਹੋਇਆ ?

ਭਿੰਨ-ਭੇਦ ਕਾਹਦਾ ਹੈ ? ਕਾਹਦਾ ਝਗੜਾ ਹੈ ?



Sri Satguru Jagjit Singh Ji eLibrary NamdhariElibrary@gmail.com

ਭਿੰਨ-ਭੇਦ ਜਾਂ ਵਖਰੇਵਾਂ ਤਾਂ ਕੇਵਲ ਦਰਿਸ਼ਟੀਕੋਣ ਦਾ ਹੀ ਹੈ। ਉਹੀ ਅੱਧਾ ਭਰਿਆ ਗਲਾਸ ਇਕ ਧਿਰ ਨੂੰ ਅੱਧਾ ਭਰਿਆ ਨਜ਼ਰ ਆਉਂਦਾ ਹੈ ਤੇ ਦੂਜੀ ਧਿਰ ਨੂੰ ਖਾਲੀ।

ਇਹ ਦਰਿਸ਼ਟੀਕੋਣ ਵੱਖ ਵੱਖ ਕਿਉਂ ਹੋਏ ? ਤੇ ਇਹ ਭਰਮ-ਭੁਲੇਖਾ ਕਾਹਦਾ ?

ਆਉ ਇਸ ਨੂੰ ਸਮਝੀਏ।

ਮਨੁੱਖੀ ਇਤਿਹਾਸ ਦੇ ਪਰਦੇ ਪਿਛਾਂਹ ਵਲ ਪਰਤਦੇ ਜਾਈਏ ਤਾਂ ਅਸੀਂ ਅੱਜ ਤੋਂ ਚਾਰ ਪੰਜ ਹਜ਼ਾਰ ਸਾਲ ਪਹਿਲਾਂ ਦੇ ਸਮੇਂ ਵਿਚ ਜਾ ਪੁੱਜਦੇ ਹਾਂ। ਪ੍ਰਾਚੀਨ ਮਨੁੱਖੀ ਸਭਿਅਤਾ ਦੇ ਨਿਸ਼ਾਨ ਭਾਰਤ, ਚੀਨ, ਮੈਸੋਪੋਟੀਮੀਆਂ ਤੇ ਯੂਨਾਨ ਆਦਿ ਦੇਸ਼ਾਂ 'ਚ ਮਿਲਦੇ ਹਨ। ਸਾਡੇ ਪੁਰਖੇ ਜਿਉਂ ਜਿਉਂ ਚੇਤਨ ਤੇ ਪ੍ਰਬੁਧ ਹੁੰਦੇ ਗਏ, ਉਹਨਾਂ ਇਸ ਸਰਿਸ਼ਟੀ ਬਾਰੇ ਸੋਚਣਾ ਤੇ ਇਸ ਦੇ ਅਰਥ ਕਢਣੇ ਸ਼ੁਰੂ ਕੀਤੇ। ਆਵਾਜਾਈ ਦੇ ਸਾਧਨ ਅਜੇ ਵਿਕਸਤ ਨਹੀਂ ਸਨ ਹੋਏ। ਪੂਰਬ ਪੂਰਬ ਸੀ ਤੇ ਪੱਛਮ ਪੱਛਮ। ਵਿਚਾਰਾਂ ਦਾ ਆਦਾਨ ਪ੍ਰਦਾਨ ਨਹੀਂ ਸੀ ਹੋ ਸਕਦਾ। ਪੂਰਬ ਦੇ ਚਿੰਤਕਾਂ ਵਿਚ ਪਾਨਣੀ, ਵੇਦ-ਵਿਆਸ ਤੇ ਅਸ਼ਟਾਵਕਰ ਰਿਸ਼ੀਆਂ ਦੇ ਨਾਂਅ ਲਏ ਜਾ ਸਕਦੇ ਹਨ। ਪੱਛਮ ਵਿਚ ਸੁਕਰਾਤ, ਅਰਸਤੂ ਤੇ ਅਫ਼ਲਾਤੂਨ ਆਦਿ ਮੁੱਖ ਸਨ।

ਪੱਛਮ ਵਾਲਿਆਂ ਦੀ ਸੋਚ ਏਥੋਂ ਸ਼ੁਰੂ ਹੋਈ :—ਇਹ ਪਦਾਰਥ ਕੀ ਸ਼ੈਅ ਹੈ ? ਕਿਵੇਂ ਠੋਸ ਤੋਂ ਤਰਲ ਤੇ ਤਰਲ ਤੋਂ ਗੈਸ ਬਣਦਾ ਹੈ ? ਇਹ ਕਿੰਨਾਂ ਤੱਤਾਂ ਤੋਂ ਬਣਿਆ ਹੈ ?

ਇਸ ਵਿਚਾਰਧਾਰਾ ਅਧੀਨ ਪੱਛਮ ਦੇ ਵਿਗਿਆਨੀਆਂ ਨੇ ਪਦਾਰਥ ਉਤੇ ਤਜਰਬੇ ਕਰਨੇ ਸ਼ੁਰੂ ਕੀਤੇ। ਲਬਾਰਟਰੀਆਂ (ਪ੍ਰਯੋਗਸ਼ਾਲਾਵਾਂ) ਕਾਇਮ ਹੋਈਆਂ ਸਾਇੰਸ ਦੀਆਂ ਕਈ ਪ੍ਰਣਾਲੀਆਂ ਫਿਜ਼ਿਕਸ, ਕੈਮਿਸਟਰੀ, ਬਿਆਲੋਜੀ ਆਦਿ ਦੀ ਲੱਭਤ ਹੋਈ ਤੇ ਇਹ ਵਿਕਸਿਤ ਹੋਣ ਲਗੀਆਂ। ਇੰਜੀਨੀਅਰਿੰਗ ਵਿਕਸਤ ਹੋਈ। ਪਹਿਲਾਂ ਪਹਿਲ ਦਿਸਦੇ ਪਦਾਰਥ ਤੋਂ ਕੰਮ ਸ਼ੁਰੂ ਹੋਇਆ। ਪਹੀਆ, ਸ਼ਾਫਟ, ਗਰਾਰੀ ਆਦਿ ਪੁਰਜ਼ੇ ਬਣੇ। ਇਹਨਾਂ ਪੁਰਜ਼ਿਆਂ ਦੇ ਜੋੜ ਤੋਂ ਮਸ਼ੀਨਾਂ ਤਿਆਰ ਹੋਈਆਂ। ਹੋਰ ਅਗੇ ਚਲ ਕੇ ਬਿਜਲੀ ਦੀ ਲਭਤ ਹੋਈ। ਬਿਜਲਈ ਉਪਕਰਣਾਂ ਬਲੂਭ, ਹੀਟਰ ਆਦਿ ਬਣੇ। ਫਿਰ ਅਲੈਕਟ੍ਰਾਨ ਦਾ ਜੁਗ ਆਇਆ। ਪੇਜਰ ਤੇ ਰੀਮੋਟ ਕੰਟਰੋਲ ਵਰਗੀਆਂ ਅਨੇਕਾਂ ਕਰਾਮਾਤਾਂ ਅਸੀਂ ਵੇਖ ਰਹੇ ਹਾਂ ਤੇ ਅਜੇ ਇਹ ਕਰਮ ਜਾਰੀ ਹੈ।

ਪਦਾਰਥ ਚੂੰਕਿ ਦਿਸਦਾ ਹੈ। ਸਾਡੀ ਪਕੜ ਵਿਚ ਹੈ। ਅਸੀਂ ਇਸ ਉਤੇ ਸਿਧਾਂਤ, ਫਾਰਮੂਲੇ, ਦਲੀਲ ਆਦਿ ਲਾਗੂ ਕਰ ਸਕਦੇ ਹਾਂ। ਇਸ ਲਈ ਇਹ ਸਭ ਵਿਗਿਆਨਕ ਹੈ। ਅਸੀਂ ੨+੨ ਨੂੰ ੪ ਸਿਧ ਕਰ ਸਕਦੇ ਹਾਂ। ਸਾਨੂੰ ਕੋਈ ਚਤੁਰ-ਸਿਆਣਾ ੨+੨ ਬਰਾਬਰ ਹੈ ੫ ਕਹਿਕੇ ਭਰਮਾ ਨਹੀਂ ਸਕਦਾ। ਸਾਡੇ ਕੋਲ ਤਰਕ ਹੈ, ...ਤੇ ਏਸ ਲਈ ਅਸੀਂ ਤਰਕਸ਼ੀਲ ਹਾਂ।

ਏਧਰ ਪੂਰਬ ਵਿਚ ਜੋ ਸੋਚ ਵਿਕਸਤ ਹੋਈ, ਉਸਦਾ ਪੱਛਮ ਦੀ ਸੋਚ-ਪ੍ਰਣਾਲੀ ਨਾਲੋਂ ਭੇਦ ਹੈ। ਪੂਰਬ ਦੇ ਮੁਢਲੇ ਚਿੰਤਕਾਂ ਦੀ ਸੋਚ ਨੇ ਇਹ ਰਾਹ ਲਿਆ ਕਿ—ਇਹ ਜੋ ਦਿਸਦਾ ਜਗਤ ਹੈ, ਇਸਦਾ ਰਚਣਹਾਰਾ ਕੌਣ ਹੈ ? ਉਹ ਕਿਥੇ ਰਹਿੰਦਾ ਹੈ ? ਕਿਹੋ ਜਿਹਾ ਹੋਵੇਗਾ ? ਇਹ ਜੀਵ ਕਿਥੋਂ ਆਉਂਦਾ ਹੈ ? ਮਰਨ ਤੋਂ ਬਾਦ ਕਿਥੇ ਚਲਾ ਜਾਂਦਾ ਹੈ ? ਆਦਿ......।

ਇਹ ਸੋਚ-ਪ੍ਰਣਾਲੀ ਕਿਸੇ ਅਣਡਿਠ ਸ਼ਕਤੀ ਵਲ ਸੇਧਤ ਸੀ, ਇਸ ਲਈ ਇਸ ਦੀ ਵਿਆਖਿਆ ਅਸੰਭਵ ਸੀ। ਪੰਜੇ ਗਿਆਨ ਇੰਦਰੀਆਂ ਦੀ ਏਥੇ, ਇਸ ਰਹੱਸ ਨੂੰ ਸੁਲਝਾਣ ਲਈ ਕੋਈ ਪੇਸ਼ ਨਹੀਂ ਸੀ ਜਾ ਸਕਦੀ। ਇਸ ਲਈ ਪੂਰਬ ਦੇ ਚਿੰਤਕਾਂ ਨੇ ਚਿੰਤਕਾਂ ਨੇ ਅਨੁਮਾਨ ਤੇ ਅਨੁਭਵ ਤੋਂ ਕੰਮ ਲਿਆ ਤੇ ਸਿੱਟੇ ਕੱਢੇ।

ਅਧਿਆਤਮਵਾਦੀਆਂ ਅਨੁਸਾਰ ਜੀਵਨ ਹੈ। ਇਸ ਦੇ ਦੋ ਰੂਪ ਹਨ—ਦਿਸਦਾ ਤੇ ਅਣ-ਦਿਸਦਾ, ਸੂਖਮ ਤੇ ਸਥੂਲ। ਸੂਖਮ ਅਥਾਹ ਸਾਗਰ ਨਿਆਈ ਹੈ। ਇਸਦਾ ਕੋਈ ਪਾਰਾਵਾਰ ਨਹੀਂ ਹੈ। ਇਹ ਸਦਾ ਤੋਂ ਹੈ, ਤੇ ਸਦਾ ਲਈ ਰਹੇਗਾ। ਜੀਵਨ ਦਾ ਮੂਲ ਤੱਤ ਇਹੀ ਹੈ। ਏਸੇ 'ਚੋਂ ਹੀ ਕੁਝ ਨਿਯਮਾਂ ਤਹਿਤ ਸਾਰਾ ਦਿਸਦਾ ਜਗਤ ਨਿਰਮਤ ਹੋ ਰਿਹਾ ਹੈ, ਤੇ ਮਿਟ ਕੇ ਫਿਰ ਏਸੇ ਵਿਚ ਸਮਾ ਜਾਂਦਾ ਹੈ। ਤੇ ਇਹ ਪ੍ਰਕਿਰਿਆ ਹਰ ਵਕਤ ਜਾਰੀ ਹੈ। ਦਿਸਦਾ ਜਗਤ ਸਥਿਰ ਨਹੀਂ ਹੈ ਪਲ ਪਲ ਬਦਲਣਹਾਰ ਹੈ। ਇਸ ਲਈ ਇਹ ਇਕ ਭਰਮ-ਜਾਲ ਹੈ। ਸੁਪਨੇ ਨਿਆਈਂ ਹੈ। ਜਦੋਂ ਸਾਹਮਣੇ ਹੈ ਤਾਂ ਸੱਚ ਲਗਦਾ ਹੈ। ਜਦੋਂ ਬੀਤ ਜਾਂਦਾ ਹੈ ਤੇ ਸਾਨੂੰ ਜਾਪਦਾ ਹੈ—ਇਕ ਸੁਪਨਾ ਹੀ ਆਇਆ ਤੇ ਲੰਘ ਗਿਆ। ਅਸੀਂ ਖਾਹਮਖਾਹ ਹੀ ਸੱਚ ਕਰ ਜਾਣਿਆ।

ਤਰਕਸ਼ੀਲ ਕਹਿੰਦਾ ਹੈ—"ਇਹ ਆਤਮ ਅਨਾਤਮ ਕੁਝ ਨਹੀਂ ਐਵੇਂ ਮਨਘੜਤ ਵਹਿਮ ਭੁਲੇਖੇ ਹਨ। ਸਭ ਕੁਝ ਦਿਸਦਾ ਪਦਾਰਥ ਹੀ ਹੈ। ਏਸੇ ਦੇ ਹੀ ਜਦੋਂ ਕੁਝ ਤੱਤ



Sri Satguru Jagjit Singh Ji eLibrary NamdhariElibrary@gmail.com

ਕਿਸੇ ਨਿਸ਼ਚਿਤ ਮਾਤਰਾ ਵਿਚ ਇਕੱਠੇ ਹੋ ਜਾਂਦੇ ਹਨ ਤਾਂ ਇਸ ਵਿਚ ਚੇਤਨਾ ਪੈਦਾ ਹੋ ਜਾਂਦੀ ਹੈ। ਇਹ ਚੇਤਨਾ ਜਾਂ ਜੀਵਨ ਇਕ ਤਰ੍ਹਾਂ ਦੀ ਬਾਈ-ਪ੍ਰੋਡਕਟ ਹੈ। ਜਦੋਂ ਇਹ ਤੱਤ ਖਿਲਰ ਜਾਂਦੇ ਹਨ, ਜਾਂ ਤੱਤ-ਕਣਾਂ ਦੇ ਅਨੁਪਾਤ ਵਿਚ ਫ਼ਰਕ ਪੈ ਜਾਂਦਾ ਹੈ, ਤਾਂ ਇਸ ਚੇਤਨਾ ਦਾ ਵੀ ਨਾਲ ਹੀ ਭੋਗ ਪੈ ਜਾਂਦਾ ਹੈ। ਏਸ ਲਈ ਮੌਤ ਤੋਂ ਬਾਦ ਕੋਈ ਜੀਵਨ ਨਹੀਂ। ਇਹ ਪੁਨਰ-ਜਨਮ ਤ ਭੂਤ-ਪ੍ਰੇਤ ਸਭ ਬਕਵਾਸ ਹਨ।

ਪੱਛਮੀ ਜੀਵਨ-ਦਰਸ਼ਨ ਤੇ ਪੂਰਬੀ ਜੀਵਨ-ਦਰਸ਼ਨ— ਦੋਹਾਂ ਦੇ ਆਪੋ ਆਪਣੀ ਥਾਂ ਕੁਝ ਰੋਸ਼ਨ-ਪੱਖ ਹਨ ਕੁਝ ਹਨੇਰੇ ਜਾਂ ਘਾਟੇਵੰਦੇ। ਪੱਛਮੀ ਵਿਚਾਰਧਾਰਾ ਦੇ ਅਪਨਾਉਣ ਵਾਲਿਆਂ ਨੇ ਪਦਾਰਥਕ ਤੌਰ ਤੇ ਬਹੁਤ ਤਰੱਕੀ ਕੀਤੀ ਹੈ। ਨਿੱਤ ਨਵੀਆਂ ਕਾਢਾਂ ਕਢੀਆਂ ਹਨ ਤੇ ਇੰਜ ਜੀਵਨ ਵਿਚ ਸਰੀਰਕ ਸੁਖ ਸਾਧਨ ਪੈਦਾ ਕੀਤੇ ਹਨ। ਪਰ ਦੂਜੇ ਪਾਸੇ ਉਸ ਦੇ ਅੰਦਰ ਇਕ ਤਰ੍ਹਾਂ ਦਾ ਬਿਖਰਾਉ ਪੈਦਾ ਹੋਇਆ ਹੈ। ਲਾਲਸਾਵਾਂ, ਇਛਾਵਾਂ ਹੋਰ ਹੋਰ ਵਧੀਆਂ ਹਨ। ਮਨੁੱਖ ਹਰ ਛਿਣ ਇਕ ਤਣਾਅ ਭਰਿਆ ਜੀਵਨ ਜੀਅ ਰਿਹਾ ਹੈ। ਬਹੁਤ ਕੁਝ ਪਾ ਕੇ ਵੀ ਮਨੁੱਖ ਤ੍ਰਿਪਤ ਨਹੀਂ ਹੋਇਆ। ਮਨ ਦਾ ਅਮਨ ਚੈਨ ਖੋਹ ਗਿਆ ਹੈ। ਭਟਕਣ ਵਿਚ ਵਾਧਾ ਹੋਇਆ ਹੈ। ਪ੍ਰਾਣੀ ਮਾਨਸਿਕ ਬੀਮਾਰੀਆਂ ਨਾਲ ਗ੍ਰਸਿਆ ਪਿਆ ਹੈ।

ਪੂਰਬੀ ਵਿਚਾਰਧਾਰਾ ਅਧੀਨ ਮਨੁੱਖ ਕੁਦਰਤ ਦੇ ਜ਼ਿਆਦਾ ਨੇੜੇ ਹੈ। ਆਪਣੇ ਅੰਦਰਲੇ ਕੇਂਦਰ ਬਿੰਦੂ ਨਾਲ ਜੁੜਿਆ ਹੋਇਆ ਹੈ। ਸਹਿਜ ਹੈ, ਸੰਤੋਖੀ ਹੈ, ਆਪਣੇ ਆਪ ਵਿਚ ਸਥਾਪਤ ਹੈ, ਪਰ ਪਦਾਰਥਕ ਪਖੋਂ ਬਹੁਤ ਪਿਛੇ ਰਹਿ ਗਿਆ ਹੈ।

ਥੋੜੇ ਸ਼ਬਦਾਂ ਵਿਚ ਪੱਛਮੀ ਜੀਵਨ-ਫਿਲਾਸਫੀ ਬਾਹਰ-ਮੁਖੀ ਹੈ, ਤੇ ਪੂਰਬੀ ਅੰਤਰ-ਮੁਖੀ। ਪੱਛਮ ਦਿਸਦੇ ਦੀ ਖੋਜ ਵਿਚ ਲੱਗਾ ਰਿਹਾ ਹੈ ਤੇ ਪੂਰਬ ਅਦਿਸਦੇ ਦੀ ਭਾਲ ਵਿਚ।

ਅੱਜ ਤੋਂ ਪੰਜ ਚਾਰ ਸੌ ਸਾਲ ਪਹਿਲਾਂ ਤਕ ਆਵਾ-ਜਾਈ ਦੇ ਸਾਧਨ ਏਨੇ ਵਿਕਸਤ ਨਹੀਂ ਸਨ ਹੋਏ, ਜਿੰਨੇ ਅੱਜ ਹਨ। ਏਸ ਲਈ ਦੁਹਾਂ ਫਿਲਾਸਫੀਆਂ ਦੇ ਮੰਨਣ-ਹਾਰੇ ਆਪੋ ਆਪਣੇ ਘੇਰੇ ਵਿਚ ਆਪੋ ਆਪਣੀ ਸੋਚ ਅਨੁਸਾਰ ਆਹਰੇ ਲੱਗੇ ਹੋਏ ਸਨ। ਪੱਛਮ ਪਦਾਰਥਕ-ਖੋਜਾਂ ਰਾਹੀਂ ਟੈਕਨਾਲੋਜੀ ਨੂੰ ਵਿਕਸਤ ਕਰ ਰਿਹਾ ਸੀ ਤੇ ਪੂਰਬ ਸੱਚ ਦੀ ਖੋਜ ਵਿਚ ਯੋਗ ਤੇ ਭਗਤੀ ਮਾਰਗ ਜਿਹੇ ਸਿਧਾਂਤਕ ਰਾਹਾਂ ਦਾ ਪ੍ਰਚਾਰ ਕਰ ਰਿਹਾ ਸੀ।

ਸਾਡੀ ਸੋਚ, ਸਾਡੀ ਜੀਵਨ-ਜਾਚ ਤੇ ਸਾਡੇ ਵਿਚਾਰਾਂ ਵਿਚ ਉਲਝਣਾਂ ਤੇ ਭਿੰਨ-ਭੇਦ ਉਦੋਂ ਪੈਦਾ ਹੋਏ ਜਦੋਂ ਪੱਛਮ ਦਾ ਪੂਰਬ ਨਾਲ ਮੇਲ ਹੋਇਆ। ਇਹ ਦੋਵੇਂ ਵਿਚਾਰਧਾਰਾਵਾਂ ਇਕੋ ਪਲੇਟਫਾਰਮ ਤੇ ਆਣ ਇਕੱਠੀਆਂ ਹੋਈਆਂ। ਅਸੀਂ ਰਾਜਨੀਤਕ ਤੌਰ ਤੇ ਪੱਛਮ ਦੇ ਗੁਲਾਮ ਹੋਏ। ਪੜ੍ਹਾਈ ਦੀ ਗੁਰੂ-ਕੁਲ ਪ੍ਰਥਾ ਅਲੋਪ ਹੋਣੀ ਸ਼ੁਰੂ ਹੋਈ। ਉਸ ਦੀ ਥਾਂ ਆਧੁਨਿਕ ਸਕੂਲ ਖੁਲ੍ਹਣੇ ਸ਼ੁਰੂ ਹੋਏ। ਜਿਥੇ ਪੱਛਮੀ ਵਿਚਾਰਧਾਰਾ ਤਰਜ਼ ਦੀ ਪੜ੍ਹਾਈ ਸ਼ੁਰੂ ਹੋਈ। ਅਸੀਂ ਪਦਾਰਥਵਾਦੀਆਂ ਦਾ ਪ੍ਰਭਾਵ ਗ੍ਰਹਿਣ ਕੀਤਾ। ਉਹਨਾਂ ਤਣਾਅ ਮੁਕਤ ਜੀਵਨ ਦੀ ਭਾਲ ਵਿਚ ਸਾਡੀ ਜੀਵਨ-ਫਿਲਾਸਫ਼ੀ ਵਿਚ ਦਿਲਚਸਪੀ ਲੈਣੀ ਸ਼ੁਰੂ ਕੀਤੀ। ਇੰਜ ਇਹ ਦੋਵੇਂ ਦਰਸ਼ਨ ਰਲਗਡ ਹੋਏ। ਇਸ ਵਕਤ ਅਸੀਂ ਦੋਹਾਂ ਦੇ ਰਲੇ ਮਿਲੇ ਪ੍ਰਭਾਵ ਹੇਠ ਹਾਂ।

ਇਕ ਜਗ੍ਹਾ ਦੋ ਵਿਅਕਤੀ ਇਕੱਠੇ ਹੋ ਜਾਣ ਤਾਂ ਉਹਨਾਂ ਦੇ ਵਿਚਾਰ ਭਾਵੇਂ ਕਿੰਨਾਂ ਹੀ ਮੇਲ ਖਾਂਦੇ ਹੋਣ ਤਾਂ ਵੀ ਉਨੀ ਇੱਕੀ ਦਾ ਫਰਕ ਰਹਿ ਹੀ ਜਾਂਦਾ ਹੈ। ਇਹ ਵਿਚਾਰ-ਵਿਰੋਧ ਵਿਸ਼ੇ ਦੀ ਸਾਰਥਕਤਾ ਚੋਂ ਨਹੀਂ ਉਪਜਦਾ, ਸਗੋਂ ਉਸ ਵਿਸ਼ੇ ਬਾਰੇ ਸਾਡੀ ਪੂਰੀ ਜਾਣਕਾਰੀ ਨਾ ਹੋਣਾ ਚੋਂ ਜਨਮ ਲੈਂਦਾ ਹੈ।

ਅਸਲ ਵਿਚ ਨਾ ਵਿਗਿਆਨੀ ਨਾਸਤਕ ਹੈ ਤੇ ਨਾ ਹੀ ਅਧਿਆਤਮਵਾਦੀ ਅੰਧ-ਵਿਸ਼ਵਾਸੀ ਤੇ ਅਨਪੜ੍ਹ ਹੈ। ਇਹ ਦੋਵੇਂ ਹੀ ਗਿਆਨ ਪੱਖੋਂ ਪੂਰੇ ਨਹੀਂ ਹਨ। ਇਸ ਲਈ ਕਹਿ ਸਕਦੇ ਹਾਂ ਕਿ ਦੋਵੇਂ ਹੀ ਲਾਈਲੱਗ ਤੇ ਅੰਧ-ਵਿਸ਼ਵਾਸੀ ਹਨ। ਜੇ ਅਧਿਆਤਮਵਾਦੀ ਬੁੱਧ, ਪਤੰਜਲੀ, ਮਹਾਂਬੀਰ ਤੇ ਵੇਦ ਵਿਆਸ ਦੀ ਸੋਚ ਤੋਂ ਅਗੇ ਨਹੀਂ ਗਏ ਤਾਂ ਆਪਣੇ ਆਪ ਨੂੰ ਤਰਕਸ਼ੀਲ ਕਹਿਣ ਵਾਲੇ ਵੀ ਨਿਊਟਨ, ਡਾਰਵਿਨ ਹੇਗਲ ਤੇ ਫਰਾਈਡ ਆਦਿ ਦੇ ਹਵਾਲੇ ਦੇਣ ਤਕ ਹੀ ਸੀਮਿਤ ਹੋ ਕੇ ਰਹਿ ਗਏ ਹਨ।

ਏਨਾ ਜ਼ਰੂਰ ਹੈ ਕਿ ਤਰਕਸ਼ੀਲੀਆ ਪਦਾਰਥ ਦੇ ਵਿਸ਼ਵਾਸੀ ਹੋਣ ਕਾਰਨ ਆਪਣੇ ਨਜ਼ਰੀਏ ਨੂੰ ਭਲੀ ਭਾਂਤ ਸਿਧ ਕਰ ਸਕਦਾ ਹੈ; ਕਿਉਂਕਿ ਇਸਦੇ ਬਾਰੇ ਦੱਸਣ ਲਈ ਮਨੁਖ ਕੋਲ ਭਾਸ਼ਾ ਹੈ, ਤਰਕ ਹੈ, ਸਿਧਾਂਤ ਹਨ ਤੇ ਵੇਖਣ ਪਰਖਣ ਲਈ ਅੱਖ ਹੈ ਤੇ ਬੁੱਧੀ ਹੈ।

ਅਧਿਆਤਮਵਾਦੀ ਦੀ ਸਮਸਿਆ ਇਹ ਹੈ ਕਿ ਉਹ ਅਦਿਖ ਵਿਚ ਵਿਸ਼ਵਾਸ ਰਖਦਾ ਹੈ, ਜਿਸ ਨੂੰ ਜੀਵਿਆ ਮਹਿਸੂਸਿਆ ਤਾਂ ਜਾ ਸਕਦਾ ਹੈ ਬਿਆਨਿਆਂ ਨਹੀਂ ਜਾ



Sri Satguru Jagjit Singh Ji eLibrary NamdhariElibrary@gmail.com

ਸਕਦਾ। ਸਿਧ ਕਰਨਾ ਕਠਨ ਹੈ। ਭਾਸ਼ਾ ਦੀ ਅਸਮਰਥਤਾ ਕਾਰਨ ਉਹ ਪ੍ਰਤੀਕਾਂ ਦਾ ਸਹਾਰਾ ਲੈਂਦਾ ਹੈ, ਤਾਂ ਇਹ ਗੱਲ ਤਰਕਸ਼ੀਲ ਦੀ ਸਮਝ ਵਿਚ ਨਹੀਂ ਆਉਂਦੀ। ਅਧਿਆਤਮ ਧਰਮ ਨੂੰ ਧੌਲ (ਬਲਦ) ਨਾਲ ਤੁਲਨਾ ਦੇਂਦਾ ਹੈ ਤੇ ਆਖਦਾ ਹੈ "ਧਰਤੀ ਧੌਲ ਦੇ ਸਿੰਙਾਂ ਤੇ ਖੜ੍ਹੀ ਹੈ", ਤਾਂ ਤਰਕਸ਼ੀਲ ਆਖਦਾ ਹੈ—ਨਿਰੀ ਗੱਪ! ਇਹ ਕਿੰਝ ਹੋ ਸਕਦਾ ਹੈ ਕਿ ਏਡੀ ਵੱਡ-ਅਕਾਰੀ ਧਰਤੀ ਇਕ ਬਲਦ ਨੇ ਚੁਕ ਰਖੀ ਹੋਵੇ? ਇਹ ਤਾਂ ਨਿਊਟਨ ਦੀ ਥਿਊਰੀ ਅਨੁਸਾਰ ਆਕਰਸ਼ਨ ਸ਼ਕਤੀ ਦੁਆਰਾ ਪੁਲਾੜ ਵਿਚ ਭੌਰ ਰਹੀ ਹੈ।

ਜੇ ਕੋਈ ਅਧਿਆਤਮਵਾਦੀ ਚਿੱਤਰਕਾਰ ਵਿਸ਼ਨੂੰ ਨੂੰ ਕੰਵਲ ਫੁੱਲ 'ਚੋਂ ਪੈਦਾ ਹੋਇਆ ਵਿਖਾ ਕੇ ਇਹ ਕਹਿਣਾ ਚਾਹੁੰਦਾ ਹੈ ਕਿ ਪਾਲਣਹਾਰ ਦਾ ਹਿਰਦਾ ਕੰਵਲ ਨਿਆਈਂ ਕੋਮਲ ਹੈ, ਤਾਂ ਤਰਕਸ਼ੀਲ ਫਤਵਾ ਦੇਂਦਾ ਹੈ—

"ਅਨ-ਸਾਇੰਟਿਫਿਕ! ਤਰਕ ਨਹੀਂ ਮੰਨਦਾ। ਫੁੱਲ 'ਚੋਂ ਮਨੁੱਖ ਕਿਵੇਂ ਪੈਦਾ ਹੋ ਸਕਦਾ ਹੈ?"

ਕੌਣ ਊਣਾ ਹੈ? ਕੌਣ ਪੂਰਾ?

ਵਾਸਤਵ ਵਿਚ ਦੋਵੇਂ ਅਧੂਰੇ ਹਨ। ਏਸੇ ਲਈ ਇਕ ਦੂਜੇ ਉਤੇ ਅਧੂਰੇ ਹੋਣ ਦਾ ਇਲਜ਼ਾਮ ਲਾ ਰਹੇ ਹਨ। ਇਹ ਸ੍ਰਿਸ਼ਟੀ ਇਹ ਜਗਤ ਏਨਾ ਕੁ ਹੀ ਨਹੀਂ ਜਿੰਨਾ ਅਸਾਂ ਜਾਣ ਲਿਆ ਹੈ। ਕਿਸੇ ਨੂੰ ਅਧੂਰਾ ਕਹਿਣ ਨਾਲੋਂ ਚੰਗਾ ਹੈ ਹੋਰ ਜਾਨਣਾ, ਹੋਰ ਖੋਜ...ਨਿਰੰਤਰ ਖੋਜ; ਕਿਉਂਕਿ ਅੱਜ ਦਾ ਸੱਚ ਕਲ੍ਹ ਨੂੰ ਝੂਠ ਸਾਬਤ ਹੋ ਜਾਂਦਾ ਹੈ। ਕਲ੍ਹ ਨੂੰ ਜੇ ਕੋਈ ਵਿਗਿਆਨੀ ਉਠ ਕੇ ਇਹ ਸਾਬਤ ਕਰ ਦੇਵੇ ਕਿ ਧਰਤੀ ਦੀ ਖਿੱਚ (ਗ੍ਰੈਵਿਟੀ ਫੋਰਸ) ਹੋਰ ਕੁਝ ਨਹੀਂ—ਧਰਤੀ (ਇਸਤਰੀ ਲਿੰਗ) ਦੀ ਆਕਾਸ਼ (ਪੁਰਸ਼ ਲਿੰਗ) ਲਈ ਕਾਮ-ਖਿੱਚ ਹੈ, ਕਿਉਂਕਿ ਸਾਰੀ ਸ੍ਰਿਸ਼ਟੀ ਦੀ ਹੋਂਦ ਹੀ ਕਾਮ-ਸੰਬੰਧਾਂ 'ਤੇ ਟਿਕੀ ਹੋਈ ਹੈ—ਤਾਂ ਨਿਊਟਨ ਵਿਚਾਰਾ ਝੂਠਾ ਪੈ ਜਾਵੇਗਾ।

ਇਸ ਸਾਰੇ ਵਰਤਾਰੇ ਨੂੰ ਸਮਝਣਾ ਏਡਾ ਸੌਖਾ ਨਹੀਂ, ਜਿੰਨਾ ਕਿ ਅਸਾਂ ਸਮਝ ਲਿਆ ਹੈ। ਉਹ ਬੇ-ਅੰਤ, ਬੇਅੰਤ! ਖੜੋਤ ਨੂੰ ਤੋੜੋ ਵਿਸ਼ਵਾਸਾਂ ਨੂੰ ਰੱਦ ਕਰੋ। ਅੱਗੇ ਵਧੋ, ਹੋਰ ਅੱਗੇ...ਕਿਉਂਕਿ—

"ਸਿਤਾਰੋਂ ਸੇ ਆਗੇ ਜਹਾਂ ਔਰ ਭੀ ਹੈਂ !!

੧੬੦, ਇੰਡਸਟਰੀਅਲ ਕੰਪਲੈਕਸ
ਗੋਇੰਦਵਾਲ ਸਾਹਿਬ—੧੪੩੪੨੩






Sri Satguru Jagjit Singh Ji eLibrary NamdhariElibrary@gmail.com

# ਸੁਰ-ਨਾਦ-ਸੰਗੀਤ ਸਮਾਰੋਹ

—ਅਮਰ ਭਾਰਤੀ

ਦਿੱਲੀ ਦੇ ਕਮਾਨੀ ਐਡੀਟੋਰੀਅਮ ਵਿਚ ੨-੩ ਜਨਵਰੀ ੧੯੯੮ ਨੂੰ ਸੰਗੀਤ ਦਾ ਆਯੋਜਨ ਵੇਖਣ ਦਾ ਮੌਕਾ ਮਿਲਿਆ। ਇਨ੍ਹਾਂ ਦੋਹਾਂ ਦਿਨਾਂ ਵਿਚ ਜਗਤ ਪ੍ਰਸਿੱਧ ਸਰੋਦਵਾਦਕ-ਉਸਤਾਦ ਅਮਜਦ ਅਲੀ ਖ਼ਾਂ ਸਾਹਿਬ, ਕੱਥਕ ਨਿਰਤ ਸਮਰਾਟ ਬਿਰਜੂ ਮਹਾਰਜ ਜੀ, ਮਿਸ਼ਰਾ ਬੰਧੂ—ਸ਼੍ਰੀ ਰਾਜਨ ਮਿਸ਼ਰਾ ਅਤੇ ਸ਼੍ਰੀ ਸਾਜਨ ਮਿਸ਼ਰਾ ਮੌਜੂਦ ਸਨ। ਮੰਚ ਉਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਬਿਰਾਜ-ਮਾਨ ਸਨ ਅਤੇ ਮੰਚ ਦੇ ਪਿਛੇ ਇਕ ਵਡ ਆਕਾਰੀ ਬੈਨਰ ਉਪਰ ਲਿਖਿਆ ਸੀ—ਸੁਰ-ਨਾਦ ਅਕੈਡਮੀ ਯੂ.ਕੇ. (ਲੰਡਨ) ਪ੍ਰੈਜ਼ੈਂਟ ਇੰਡੀਅਨ ਕਲਾਸੀਕਲ ਮਿਊਜ਼ਿਕ ਇਨ ਦਾ ਪ੍ਰੈਜ਼ੈਂਸ ਆਫ ਹਿਜ਼ ਹੋਲੀ ਨੈੱਸ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ।

ਇਸ ਸੰਗੀਤ ਆਯੋਜਨ ਵਿਚ ਮਿਸ਼ਰਾ ਬੰਧੂ—ਰਾਜਨ-ਸਾਜਨ ਜੀ ਦਾ ਅਤੇ ਸ਼੍ਰੀ ਰਾਜਨ ਦੇ ਸਪੁੱਤਰਾਂ ਸ੍ਰੀ ਰੀਤੇਸ਼ ਅਤੇ ਰਜਨੀਸ਼ ਮਿਸ਼ਰਾ ਦਾ ਗਾਇਨ ਹੋਣਾ ਸੀ ਅਤੇ ਸ਼੍ਰੀ ਗੁਰਦੇਵ ਸਿੰਘ ਸਰੋਦਵਾਦਕ ਦੇ ਸਪੁੱਤਰਾਂ ਸ਼੍ਰੀ ਜਤਿੰਦਰ ਸਿੰਘ (ਲਾਡੀ) ਦਾ ਸਰੋਦਵਾਦਨ ਅਤੇ ਨਵਇੰਦਰ ਪਾਲ ਸਿੰਘ (ਲਵਲੀ) ਦੇ ਤਬਲਾਵਾਦਨ ਤੋਂ ਇਲਾਵਾ ਸਿਤਾਰਵਾਦਕ ਉਸਤਾਦ ਸ਼ਾਹਿਦ ਪ੍ਰਵੇਜ਼ ਦਾ ਸਿਤਾਰਵਾਦਨ ਅਤੇ ਪ੍ਰਸਿੱਧ ਤਬਲਾਵਾਦਕ ਸ੍ਰੀ ਕੁਮਾਰ ਬੋਸ ਅਤੇ ਅਕਰਮ ਖ਼ਾਨ ਦਾ ਤਬਲਾ ਵਾਦਨ ਹੋਣਾ ਸੀ।

ਇਸ ਆਯੋਜਨ ਵਿਚ ਦੋਵੇਂ ਦਿਨ ਸਤਿਗੁਰੂ ਜਗਜੀਤ ਸਿੰਘ ਜੀ ਦੀ ਮੌਜੂਦਗੀ ਤ ਸਰਪ੍ਰਸਤੀ ਤੋਂ ਸਹਿਜੇ ਹੀ ਇਹ ਗੱਲ ਉਭਰਕੇ ਸਾਹਮਣੇ ਆ ਰਹੀ ਸੀ ਕਿ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸੰਬੰਧਤ ਸੰਗੀਤ ਧਾਰਾ ਕਿੰਨਾ ਲੰਮਾ ਸਫ਼ਰ ਤੈਹ ਕਰਕੇ ਅੱਜ ਵਾਲੀ ਇਸ ਸਥਿਤੀ ਵਿਚ ਪਹੁੰਚ ਗਈ ਹੈ ਕਿ ਸਤਿਗੁਰੂ ਜੀ ਨੇ ਸ਼ਾਸਤ੍ਰੀ ਅਤੇ ਵਿਸ਼ੇਸ਼ ਕਰਕੇ ਰਾਗ ਆਧਾਰਿਤ ਗੁਰਬਾਣੀ ਦੇ ਸ਼ਬਦਾਂ ਨੂੰ ਆਧਾਰ ਬਣਾ ਕੇ ਇਕ ਸਮੇਂ ਜਿਨ੍ਹਾਂ ਬੱਚਿਆਂ ਨੂੰ ਪਰਸਿੱਧ ਸੰਗੀਤ ਗੁਰੂਆ ਕੋਲੋਂ ਸੰਗੀਤ ਸਿਖਵਾਣ ਦਾ ਕਾਰਜ ਅਰੰਭਿਆ ਸੀ—ਉਹ ਬੱਚੇ ਅੱਜ ਆਪਣੇ ਵਲੋਂ ਏਡੇ ਵਡੇ ਵਡੇ ਸੰਗੀਤ ਆਯੋਜਨ ਕਰਨ ਦੇ ਯੋਗ ਹੋ ਗਏ ਹਨ।

## ਸਤਿਗੁਰੂ ਜੀ ਦੀ ਸੰਗੀਤ ਧਾਰਾ

ਲਗਭਗ ੩੫ ਸਾਲ ਪਹਿਲਾਂ ਗੁਰਦੇਵ ਸਿੰਘ ਤੇ ਹਰਭਜਨ ਸਿੰਘ ਜੀ ਨੂੰ ਆਪ ਨੇ ਦਿਲਰੁਬਾ, ਸਰੋਦ, ਸਿਤਾਰ ਤੇ ਗਾਇਨ ਦੀ ਸ਼ਿਖਸ਼ਾ ਦਾ ਅਰੰਭ ਕਰਵਾਇਆ ਸੀ। ਇਹ ਪਹਿਲਾਂ ਪੰਡਿਤ ਮਹਾਂਦੇਵ ਕੱਥਕ ਜੀ ਕੋਲੋਂ ਗਾਇਨ ਦੀ ਸਿਖਸ਼ਾ ਗ੍ਰਹਿਣ ਕਰਦੇ ਰਹੇ—ਫ਼ਿਰ ਦਿੱਲੀ ਵਿਚ ਉਸਤਾਦ ਪਿਆਰਾ ਸਿੰਘ ਜੀ ਅਤੇ ਉਸਤਾਦ ਅਮਜਦ ਖ਼ਾਂ ਸਹਿਬ ਕੋਲੋਂ। ਸੰਗੀਤ ਦੇ ਖੇਤਰ ਵਿਚ ਕੁਝ ਨਾਮਣਾ ਖੱਟਣ ਤੋਂ ਬਾਅਦ ਗੁਰਦੇਵ ਸਿੰਘ ਤੇ ਹਰਭਜਨ ਸਿੰਘ ਇੰਗਲੈਂਡ ਚਲੇ ਗਏ। ਉਥੇ ਇਨ੍ਹਾਂ ਨੇ ਸੰਗੀਤ ਆਯੋਜਨਾਂ ਵਿਚ ਹਿੱਸਾ ਵੀ ਲਿਆ ਤੇ ਅਗੋਂ ਬਹੁਤ ਸਾਰੇ ਦੇਸੀ-ਬਦੇਸ਼ੀ ਸੰਗੀਤ ਪ੍ਰੇਮੀਆਂ ਨੂੰ ਸੰਗੀਤ ਸਿਖ਼ਸ਼ਾ ਵੀ ਦੇਣੀ ਸ਼ੁਰੂ ਕੀਤੀ! ਹਰਭਜਨ ਸਿੰਘ ਜੀ ਤਾਂ ਕੁਝ ਸਮੇਂ ਬਾਅਦ ਭਾਰਤ ਵਾਪਸ ਆ ਗਏ ਪਰ ਗੁਰਦੇਵ ਸਿੰਘ ਜੀ ਨੇ ਇੰਗਲੈਂਡ ਵਿਚ ਹੀ ਟਿਕੇ ਰਹਿ ਕੇ ਉਥੇ ਸੁਰ-ਨਾਦ ਮਿਊਜ਼ਿਕ ਅਕੈਡਮੀ ਦੀ ਸਥਾਪਨਾ ਕੀਤੀ--ਜਿਸ ਦੀ ਰਾਹੀਂ ਇੰਗਲੈਂਡ ਅਤੇ ਹੋਰ ਕਈ ਯੂਰਪੀ ਦੇਸ਼ਾਂ ਵਿਚ ਜਗਤ ਪ੍ਰਸਿੱਧ ਹਿੰਦੁਸਤਾਨੀ ਸੰਗੀਤਕਾਰਾਂ ਦੇ ਕਾਰਜ ਕ੍ਰਮਾਂ ਦਾ ਆਯੋਜਨ ਸ਼ੁਰੂ ਕਰ ਦਿੱਤਾ। ਉਸਤਾਦ ਹਰਭਜਨ ਸਿੰਘ ਜੀ ਨੇ ਦਿੱਲੀ ਤੇ ਸ੍ਰੀ ਭੈਣੀ ਸਾਹਿਬ ਵਿਚ ਸੰਗੀਤ ਦੀ ਇਸ ਧਾਰਾ ਨੂੰ ਲਗਾਤਾਰ ਪ੍ਰਵਾਹਿਤ ਕਰੀ ਰੱਖਣ ਵਿਚ ਆਪਣਾ ਯੋਗਦਾਨ ਦਿੱਤਾ।

੨- ਜਨਵਰੀ ਨੂੰ ਸੁਰ-ਨਾਦ ਮਿਊਜ਼ਿਕ ਅਕੈਡਮੀ ਲੰਡਨ ਵਲੋਂ ਆਯੋਜਿਤ ਸੰਗੀਤ ਕਾਰਜ ਕ੍ਰਮ ਦਾ ਸ੍ਰੀ ਗੁਰਦੇਵ ਸਿੰਘ ਜੀ ਵਲੋਂ ਆਯੋਜਨ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਰਪ੍ਰਸਤੀ ਭਰੀ ਉਪਸਥਿਤੀ ਵੇਖ ਕੇ ਪਿਛਲੇ ਚਾਰ ਦਹਾਕਿਆਂ ਵਿਚ ਚੱਲੀ ਸੰਗੀਤ ਦੀ ਇਕ ਵਿਸ਼ੇਸ਼ ਲਹਿਰ ਨੂੰ ਆਪਣੀਆਂ ਸਿਖਰਲੀਆਂ ਮੰਜ਼ਿਲਾ ਵੱਲ ਵਧਦਿਆਂ ਮਹਿਸੂਸ ਕੀਤਾ ਜਾ ਸਕਦਾ ਸੀ। ਇਨ੍ਹਾਂ ਦੋ ਸੰਗੀਤਕਾਰਾਂ ਤੋਂ ਬਾਅਦ ਸਤਿਗੁਰੂ ਜੀ ਨੇ ਸ਼ਾਸਤ੍ਰੀ ਸੰਗੀਤ ਦੀ ਸੰਭਾਲ ਤੇ ਵਿਕਾਸ ਨੂੰ ਆਪਣੇ ਕਰਮ ਜੀਵਨ ਦਾ ਇਕ ਸਭ ਤੋਂ ਜ਼ਰੂਰੀ ਹਿੱਸਾ ਬਣਾ ਲਿਆ ਹੈ।

## ਗੁਰਮਤ ਸੰਗੀਤ—ਰਾਗਾਂ ਵਾਲੀ ਬਾਣੀ

ਗੁਰਮਤ ਸੰਗੀਤ ਦੇ ਖੇਤਰ ਵਿਚ—ਜਿਸ ਵਿਚ



Sri Satguru Jagjit Singh Ji eLibrary NamdhariElibrary@gmail.com

ਗੁਰਬਾਣੀ ਦੇ ਸ਼ਬਦਾਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਅਨੁਸਾਰ ਗਾਉਣ ਉਪਰ ਸਭ ਤੋਂ ਵੱਧ ਜ਼ੋਰ ਹੈ—ਸਤਿਗੁਰੂ ਜਗਜੀਤ ਸਿੰਘ ਜੀ ਨੇ ਭਰਪੂਰ ਹਿੱਸਾ ਪਾਉਂਦਿਆਂ ਹੋਇਆਂ ਕੁਝ ਐਸੇ ਸੰਗੀਤਕਾਰ ਤਿਆਰ ਕੀਤੇ ਹਨ—ਜਿਨ੍ਹਾਂ ਦੀ ਕਲਾਕਾਰੀ ਅਤੇ ਪਰਸਿੱਧੀ ਇਸ ਵੇਲੇ ਦੇਸ਼ਾਂ-ਬਦੇਸ਼ਾਂ ਦੀਆਂ ਹੱਦਾਂ ਨੂੰ ਉਲੰਘ ਕੇ ਸਰਬ-ਵਿਆਪੀ ਹੋ ਰਹੀ ਹੈ।

**ਉਸਤਾਦ ਬਲਜੀਤ ਸਿੰਘ ਤੇ ਗੁਰਮੀਤ ਸਿੰਘ**—ਦੋਵੇਂ ਭਰਾ ਇਸ ਵੇਲੇ ਗੁਰਮਤ ਸੰਗੀਤ ਜਗਤ ਵਿਚ ਸਤਿਗੁਰੂ ਜੀ ਦੀਆਂ ਕੋਸ਼ਿਸ਼ਾਂ ਦਾ ਜਿਊਂਦੇ ਜਾਗਦੇ ਸਰੂਪ ਵਿਚ ਵਿਚਰ ਰਹੇ ਹਨ। ਪੂਰੇ ਸਿੱਖ ਸਮਾਜ ਵਿਚ ਇਹ ਗੱਲ ਆਦਰ ਤੇ ਮਾਨ ਨਾਲ ਪਰਵਾਨ ਹੋਈ ਹੈ ਕਿ ਇਹ ਸੰਗੀਤ ਜੋੜੀ, ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਤੇ ਸਿਖ਼ਸ਼ਾ ਦੀ ਬਦੌਲਤ ਹੀ ਗੁਰਬਾਣੀ ਨੂੰ ਉਸ ਦੇ ਸ਼ੁੱਧ ਰੂਪ ਵਿਚ ਪੇਸ਼ ਕਰਨ ਦੇ ਯੋਗ ਹੋਈ ਹੈ।

ਇਨ੍ਹਾਂ ਤੋਂ ਇਲਾਵਾ ਸਤਿਗੁਰੂ ਜੀ ਨੇ **ਇਕ ਸੰਗੀਤ ਜੋੜੀ ਹੋਰ** ਸੰਗੀਤ ਜਗਤ ਨੂੰ ਦਿੱਤੀ ਹੈ—ਜਿਨ੍ਹਾਂ ਦਾ ਨਾਮ ਹੈ ਸੁਖਦੇਵ ਸਿੰਘ-ਮੋਹਨ ਸਿੰਘ। ਇਹ ਦੋਵੇਂ ਮਿਸ਼ਰਾ ਬੰਧੂਅ ਰਾਜਨ-ਸਾਜਨ ਜੀ ਦੇ ਸ਼ਾਗਿਰਦ ਹਨ। ਇਹ ਦੋਵੇਂ ਵੀ ਅੱਜ ਕਲ੍ਹ ਗੁਰਮਤ ਸੰਗੀਤ ਦਾ ਗੁਰਬਾਣੀ ਅਨੁਸਾਰ ਰਾਗਾਂ ਰਾਹੀਂ ਹੀ ਦੇਸ-ਬਦੇਸ਼ ਵਿਚ ਗਾਇਨ ਕਰਕੇ ਪ੍ਰਸਿੱਧੀ ਹਾਸਿਲ ਕਰ ਰਹੇ ਹਨ।

**ਇਕ ਤੀਸਰੀ ਜੋੜੀ** ਸਤਿਗੁਰੂ ਜੀ ਨੇ ਹੋਰ ਤਿਆਰ ਕੀਤੀ ਹੈ, ਜਿਨ੍ਹਾਂ ਦਾ ਨਾਮ ਹੈ—ਬਲਵੰਤ ਸਿੰਘ ਤੇ ਰਣਬੀਰ ਸਿੰਘ। ਇਹ ਦੋਵੇਂ ਵਿਸ਼ੇਸ਼ ਕਰਕੇ ਸਿੱਧਿਆਂ ਸਤਿਗੁਰੂ ਜੀ ਕੋਲੋਂ ਸੰਗੀਤ ਸਿਖ਼ਸ਼ਾ ਪ੍ਰਾਪਤ ਕਰ ਰਹੇ ਹਨ ਤੇ ਇਸ ਵੇਲੇ ਸ਼ਾਸਤ੍ਰੀ ਸੰਗੀਤ ਵਿਚ ਇਨ੍ਹਾਂ ਦਾ ਦਖ਼ਲ ਵਰਨਣ ਯੋਗ ਹੈ।

**ਪਰਸਿੱਧ ਸੰਗੀਤ ਗੁਰੂਆਂ ਦਾ ਸਹਿਯੋਗ**

ਸਤਿਗੁਰੂ ਜੀ ਨੇ ਵੱਖ ਵੱਖ ਉਸਤਾਦਾਂ ਕੋਲੋਂ ਬੱਚਿਆਂ ਨੂੰ ਸੰਗੀਤ ਸ਼ਿਖ਼ਸ਼ਾ ਦਿਵਾਉਣ ਦੇ ਸਿਲਸਿਲੇ ਵਿਚ ਸੰਗੀਤ ਜਗਤ ਦੇ ਹਰੇਕ ਪਰਸਿੱਧ ਉਸਤਾਦ ਜਾਂ ਸੰਗੀਤ ਗੁਰੂ ਦਾ ਸਹਿਯੋਗ ਲਿਆ ਹੈ। ਜਿਵੇਂ ਕਿ ਸਰੋਦ ਲਈ—ਉਸਤਾਦ ਅਮਜਦ ਅਲੀ ਖ਼ਾਂ ਸਾਹਿਬ ਦਾ—ਜਿਨ੍ਹਾਂ ਦੇ ਸ਼ਾਗਿਰਦ ਗੁਰਦੇਵ ਸਿੰਘ ਹਰਭਜਨ ਸਿੰਘ ਜੀ ਤੇ ਅੱਗੋਂ ਗੁਰਦੇਵ ਸਿੰਘ ਜੀ ਦੇ ਸਪੁਤਰ ਜਤਿੰਦਰ ਸਿੰਘ ਲਾਡੀ। ਦਿਲਰੁਬਾ ਵਿਚ—ਉਸਤਾਦ ਪਿਆਰਾ ਸਿੰਘ ਜੀ—ਜਿਨ੍ਹਾਂ ਦੇ ਸ਼ਾਗਿਰਦ, ਉਪਰੋਕਤ ਗੁਰਦੇਵ ਸਿੰਘ ਤੇ ਜਗਤ ਪ੍ਰਸਿਧ ਬਲਜੀਤ ਸਿੰਘ ਹਨ। ਉਸਤਾਦ ਵਲਾਇਤ ਖ਼ਾਂ ਸਾਹਿਬ ਧਰਮਬੀਰ ਤੇ ਸ਼ੇਰ ਸਿੰਘ ਚਾਵਲਾ ਤੇ ਸੰਤੋਖ ਸਿੰਘ ਚਾਵਲਾ ਤੋਂ ਇਲਾਵਾ ਗਾਇਣ ਵਿਚ—ਬਲਜੀਤ ਸਿੰਘ ਮੋਹਨ ਸਿੰਘ ਤੇ ਸੁਖਦੇਵ ਸਿੰਘ ਦੇ ਉਸਤਾਦ ਹਨ। ਪੰਡਿਤ ਕਿਸ਼ਨ ਮਹਾਰਾਜ ਜੀ ਦੇ ਸ਼ਾਗਿਰਦ—ਸੁਖਵਿੰਦਰ ਸਿੰਘ ਪਿੰਕੀ ਇਸ ਵੇਲੇ ਸਾਰੇ ਜਗਤ ਵਿਚ ਪ੍ਰਸਿਧ ਹਨ। ਇਨ੍ਹਾਂ ਤੋਂ ਇਲਾਵਾ ਦੋ ਹੋਰ ਸ਼ਾਗਿਰਦ ਹਨ—ਸੁਖਵਿੰਦਰ ਸਿੰਘ ਤੇ ਸੁਖਦੇਵ ਸਿੰਘ ਜਲੰਧਰ। ਪੰਡਿਤ ਸਾਮਤਾ ਪ੍ਰਸਾਦ ਗੁਦਈ ਮਹਾਰਾਜ ਕੋਲੋਂ ਅਵਤਾਰ ਸਿੰਘ ਜੀ ਤੇ ਗੁਰਦਿੱਤ ਸਿੰਘ ਦਿੱਲੀ ਨੇ ਤਬਲ ਸਿਖਿਆ ਹੈ। ਪੰਡਿਤ ਸ਼ਿਵ ਕੁਮਾਰ ਸ਼ਰਮਾ ਕੋਲੋਂ ਸ੍ਰੀ ਹਰਜਿੰਦਰਪਾਲ ਸਿੰਘ ਜੱਬਲਪੁਰ, ਕਿਰਨਪਾਲ ਸਿੰਘ ਇੰਗਲੈਂਡ ਨਿਵਾਸੀ ਨੇ ਸੰਤੂਰ ਦੀ ਸਿਖ਼ਸ਼ਾ ਹਾਸਿਲ ਕੀਤੀ ਹੈ। ਪੰਡਿਤ ਰਾਮ ਨਾਰਾਇਣ ਜੀ ਕੋਲੋਂ ਸੁਰਜੀਤ ਸਿੰਘ ਨੇ ਸਾਰੰਗੀ ਸਿੱਖੀ ਹੈ ਤੇ ਅਰਵਿੰਦਰ ਸਿੰਘ ਨੇ ਗਾਇਨ ਸਿਖਿਆ ਹੈ, ਜੋ ਕਿ ਅਜ ਕਲ੍ਹ ਬੰਬਈ ਦੀਆਂ ਸੰਗੀਤ ਸਭਾਵਾਂ ਅਤੇ ਟੀ. ਵੀ. ਸੀਰੀਅਲਾਂ ਦਾ ਸ਼ਿੰਗਾਰ ਹੈ। ਸ੍ਰੀ ਹਰੀ ਪ੍ਰਸਾਦ ਚੌਰਸੀਆ ਕੋਲੋਂ ਜੰਮੂ ਦੇ ਸਤਿਪਾਲ ਸਿੰਘ ਤੇ ਸੰਗਰੀਆ (ਰਾਜਸਥਾਨ) ਦੇ ਪ੍ਰਭਜੀਤ ਸਿੰਘ ਨੇ ਬੰਸਰੀ ਸਿੱਖੀ ਹੈ।

**ਪੰਡਿਤ ਰਵੀ ਸ਼ੰਕਰ ਜੀ ਦੀ ਆਮਦ**

ਪਿਛਲੇ ਦਿਨੀਂ ਇੰਗਲੈਂਡ ਵਿਚ ੩ ਅਗਸਤ ੧੯੯੭ ਨੂੰ ਇਕ ਵਿਸ਼ੇਸ਼ ਸੰਗੀਤ ਸਭਾ ਹੋਈ, ਜਿਸ ਵਿਚ ਪੰਡਿਤ ਰਵੀ ਸ਼ੰਕਰ ਜੀ ਵੀ ਪਧਾਰੇ। ਆਪ ਨੇ ਸਤਿਗੁਰੂ ਜੀ ਕੋਲੋਂ ਉਨ੍ਹਾਂ ਦੀਆਂ ਪੁਰਾਤਨ ਬੰਦਸ਼ਾਂ ਸੁਣੀਆਂ ਅਤੇ ਸਤਿਗੁਰੂ ਜੀ ਦੇ ਸੰਤੂਰਵਾਦਨ ਤੇ ਗਾਇਨ ਤੋਂ ਬਹੁਤ ਪ੍ਰਭਾਵਿਤ ਹੋਏ। ਪੰਡਿਤ ਰਵੀ ਸ਼ੰਕਰ ਜੀ ਦਾ ਕਹਿਣਾ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਧਿਆਤਮ ਵਿਚ ਜਿਵੇਂ ਪੈਂਠ ਹੈ, ਉਵੇਂ ਹੀ ਸੰਗੀਤ ਵਿਚ ਵੀ ਹੈ। ਪੰਡਿਤ ਜੀ ਸਤਿਗੁਰੂ ਜੀ ਦੀ ਸ਼ਖਸੀਅਤ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਸਤਿਗੁਰਾਂ ਦੀ ਹਜ਼ੂਰੀ ਵਿਚ ਉਥੇ ਹੀ ਪ੍ਰਸਾਦ ਪਾਉਣ ਦੀ ਇਛਾ ਜਤਾਈ ਤੇ ਪ੍ਰਸਾਦ ਛਕਕੇ ਗਦਗਦ ਹੋ ਗਏ। ਉਨ੍ਹਾਂ ਫ਼ੁਰਮਾਇਆ—"ਮੈਂ ਜ਼ਿੰਦਗੀ ਵਿਚ ਬਹੁਤ ਸਾਰੇ ਸੰਤਾਂ-ਮਹਾਤਮਾਵਾਂ ਤੇ ਫ਼ਕੀਰਾਂ ਦੀ ਸੰਗਤ ਵਿਚ ਗਿਆ ਹਾਂ...ਪਰ



Sri Satguru Jagjit Singh Ji eLibrary NamdhariElibrary@gmail.com

★..........................................★

ਪਿਛਲੇ ਸਾਲ(੧੯੯੭)ਦਿਸੰਬਰ ਵਿਚ ਜਲੰਧਰ ਵਿਖੇ ਹੋਏ ਹਰਵੱਲਭ ਸੰਗੀਤ ਸੰਮੇਲਨ ਸਮੇਂ ਆਪਣੇ ਸਰੋਦ ਵਾਦਨ ਦੌਰਾਨ ਪਿੱਛੇ ਬੈਠੇ ਹਰਭਜਨ ਸਿੰਘ ਜੀ ਵੱਲ ਇਸ਼ਾਰਾ ਕਰਦਿਆਂ ਉਸਤਾਦ ਅਮਜਦ ਅਲੀ ਖ਼ਾਂ ਸਾਹਿਬ ਨੇ ਦੱਸਿਆ ਕਿ ਹਰਭਜਨ ਸਿੰਘ ਮੇਰੇ ਪਹਿਲੇ ਸ਼ਾਗਿਰਦਾਂ ਵਿਚੋਂ ਹਨ। ਮੇਰੇ ਕੋਲੋਂ ਇਨ੍ਹਾਂ ਨੇ ਸਿਤਾਰ ਤਾਂ ਸਿੱਖੀ ਹੀ ਹੈ—ਪਰ ਇਹ ਗਾਉਂਦੇ ਵੀ ਹਨ ਅਤੇ ਸਤਿਗੁਰੂ ਜੀ ਦੀਆਂ ਪੁਰਾਤਨ ਬੰਦਿਸ਼ਾਂ ਇਹਨਾਂ ਨੂੰ ਯਾਦ ਹਨ। ਇਸ ਕਰਕੇ ਸਤਿਗੁਰੂ ਜੀ ਦੀ ਇਨ੍ਹਾਂ ਉਪਰ ਬਹੁਤ ਕਿਰਪਾ ਹੈ...ਸਿਰਫ਼ ਏਹਨਾਂ ਤੇ ਹੀ ਨਹੀਂ—ਸਾਡੇ ਸਭਨਾਂ ਕਲਾਕਾਰਾਂ ਉਪਰ ਹੀ ਸਤਿਗੁਰਾਂ ਦੀ ਮਹਾਨ ਕਿਰਪਾ ਹੈ।

ਏਸੇ ਸੰਮੇਲਨ ਵਿਚ ਹੀ ਆਪਣੇ ਨਾਮਵਰ ਸ਼ਾਗਿਰਦ ਸ੍ਰੀ ਸੁਖਵਿੰਦਰ ਸਿੰਘ ਪਿੰਕੀ ਬਾਰੇ ਦੱਸਦਿਆਂ ਪੰਡਿਤ ਕਿਸ਼ਨ ਮਹਾਰਾਜ ਨੇ ਦੱਸਿਆ ਕਿ ਮੈਂ ਪੰਜਾਬ ਵਿਚ ਵੀਹ ਸਾਲ ਬਾਅਦ ਆਇਆ ਹਾਂ। ਉਸ ਤੋਂ ਪਹਿਲਾਂ ਮੈਂ ਇਸ ਸੰਮੇਲਨ ਵਿਚ ਬਹੁਤ ਵਾਰੀ ਹਿੱਸਾ ਲਿਆ ਹੈ। ਇਸ ਪੰਜਾਬ ਦਾ ਜੋ ਮੈਂ ਅੰਨ ਖਾਧਾ ਹੈ—ਉਸ ਦਾ ਰਿਣ ਮੈਂ ਸੁਖਵਿੰਦਰ ਸਿੰਘ ਪਿੰਕੀ ਦੀ ਸ਼ਿਖ਼ਸ਼ਾ ਦੇ ਰੂਪ ਵਿਚ ਉਤਾਰਨ ਦੀ ਕੋਸ਼ਿਸ਼ ਕੀਤੀ ਹੈ।

ਪਿੰਕੀ ਕੇਵਲ ਪੰਜਾਬ ਵਿਚ ਹੀ ਨਹੀਂ ਸਗੋਂ ਸਾਰੇ ਜਗਤ ਵਿਚ ਤਬਲਾ ਵਾਦਨ ਰਾਹੀਂ ਆਪਣਾ ਨਾਮ ਕਮਾ ਰਿਹਾ ਹੈ।

★..........................................★

ਜੋ ਆਨੰਦ ਸਤਿਗੁਰੂ ਜੀ ਦੀ ਸੰਗਤ 'ਚੋਂ ਮਿਲਿਆ ਹੈ, ਉਹ ਅਕਥਨੀਯ ਹੈ। ਪੰਡਿਤ ਜੀ ਨੇ ਸਤਿਗੁਰੂ ਜੀ ਨੂੰ ਆਪਣੇ ਘਰ ਆਉਣ ਦੀ ਬੇਨਤੀ ਵੀ ਕੀਤੀ।

ਸ੍ਰੀ ਐਲ. ਕੇ. ਪੰਡਿਤ ਕੋਲੋਂ ਬੀਬੀ ਸਰਬਜੀਤ ਕੌਰ ਸਪੁਤਰੀ ਸਰਮੁਖ ਸਿੰਘ ਨੇ ਗਾਇਨ ਸਿੱਖਿਆ ਹੈ।

ਪੰਡਿਤ ਬਿਰਜੂ ਮਹਾਰਾਜ ਕੋਲੋਂ ਅਮਰ ਸਿੰਘ (ਅੰਬਾ) ਨੇ ਕੱਥਕ ਦੀ ਸ਼ਿਖ਼ਸ਼ਾ ਗ੍ਰਹਿਣ ਕੀਤੀ ਹੈ।

ਪੰਡਿਤ ਦੁਰਗਾ ਲਾਲ ਦੇ ਕੋਲੋਂ ਬਲਵੰਤ ਸਿੰਘ ਦਿੱਲੀ ਨੇ ਕੱਥਕ ਦੀ ਸਿਖ਼ਸ਼ਾ ਹਾਸਿਲ ਕੀਤੀ ਹੈ ਤੇ ਪਖਾਵਜ ਦੀ ਸਿਖ਼ਸ਼ਾ ਸੁਖਦੇਵ ਸਿੰਘ ਭੈਣੀ ਸਾਹਿਬ ਨੇ ਪ੍ਰਾਪਤ ਕੀਤੀ ਹੈ।

ਸ੍ਰੀ ਰਾਜੇਂਦ੍ਰ ਗੰਗਾਨੀ ਕੋਲੋਂ ਸੁਰੰਮ੍ਰਿਤ ਸਿੰਘ ਨੇ ਕੱਥਕ ਦੀ ਸਿਖ਼ਸ਼ਾ ਗ੍ਰਹਿਣ ਕੀਤੀ ਹੈ।

ਅਗੋਂ ਸੁਖਵਿੰਦਰ ਸਿੰਘ ਪਿੰਕੀ ਕੋਲੋਂ ਗੁਰਦੇਵ ਸਿੰਘ ਸਰੋਦਵਾਦਕ ਦੇ ਛੋਟੇ ਸਪੁਤਰ ਨਵਇੰਦਰਪਾਲ ਸਿੰਘ ਨੇ ਸਿਖ਼ਸ਼ਾ ਗ੍ਰਹਿਣ ਕੀਤੀ ਹੈ।

ਭੈਣੀ ਸਾਹਿਬ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹਾਇਕ ਸਿਖ਼ਸ਼ਕ ਉਸਤਾਦ ਹਰਭਜਨ ਸਿੰਘ ਜੀ ਹਨ ਜਿਨ੍ਹਾਂ ਕੋਲੋਂ ਬਲਵੰਤ ਸਿੰਘ-ਰਣਬੀਰ ਸਿੰਘ, ਹਰਜਿੰਦਰ ਸਿੰਘ, ਕੁਲਬੀਰ ਸਿੰਘ, ਸੁੱਚਾ ਸਿੰਘ, ਗੁਰਪ੍ਰੀਤ ਸਿੰਘ ਤੋਂ ਅਲਾਵਾ ਹਰਮੀਤ ਕੌਰ, ਗੁਰਮੀਤ ਕੌਰ, ਗੁਰਦਰਸ਼ਨ ਕੌਰ, ਗੁਰਦੀਪ ਕੌਰ, ਸਿਮਰਿਤ ਕੌਰ, ਪਰਮਜੀਤ ਕੌਰ, ਪਵਨਪ੍ਰੀਤ ਕੌਰ, ਸਿਮੀ ਆਦਿ ਬਹੁਤ ਸਾਰੇ ਬੱਚੇ ਬੱਚੀਆਂ ਸੰਗੀਤ ਸਿਖ ਰਹੇ ਹਨ।

ਸੁਰਜੀਤ ਸਿੰਘ ਦਿੱਲੀ ਵਾਲਿਆਂ ਕੋਲੋਂ ਭੈਣੀ ਸਾਹਿਬ ਦੇ ਬੱਚੇ ਸਰੰਗੀ ਤੇ ਦਿਲਰੁਬਾ ਸਿੱਖ ਰਹੇ ਹਨ।

ਸ੍ਰੀ ਭੈਣੀ ਸਾਹਿਬ ਵਿਚ ਸ੍ਰੀ ਵਰਿੰਦਰ ਕੁਮਾਰ ਉਥੋਂ ਦੇ ਬੱਚਿਆਂ ਨੂੰ ਸਿਤਾਰ ਤੇ ਸਰੋਦ ਸਿਖਾ ਰਹੇ ਹਨ। ਤਬਲੇ ਦੀ ਸਿਖ਼ਸ਼ਾ ਸ੍ਰੀ ਰਾਜੇਸ਼ ਮਾਲਵੀਯ ਅਤੇ ਪੰਡਿਤ ਰਮਾਕਾਂਤ ਦੇ ਰਹੇ ਹਨ।'

## ਗ੍ਰੀਤਿਮਾ ਸੰਗੀਤ ਸਮਾਰੋਹ

ਏਸੇ ਸਿਲਸਿਲੇ ਵਿਚ ਇਹ ਵੀ ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਨਵੰਬਰ ਵਿਚ ਗ੍ਰੀਤਿਮਾ ਦੇ ਨਾਮ ਉਪਰ ਮਿਸ਼ਰਾ ਬੰਧੂਆਂ ਦੇ ਚਾਚਾ ਗੋਪਾਲ ਮਿਸ਼ਰ ਪ੍ਰਸਿੱਧ ਸਾਰੰਗੀ-ਵਾਦਕ ਦੀ ਯਾਦ ਵਿਚ ਹੋਏ ਸਮਾਰੋਹ ਦੇ ਰੂਹ ਰਵਾਂ ਸਤਿਗੁਰੂ ਜਗਜੀਤ ਸਿੰਘ ਜੀ ਹੀ ਸਨ। ਆਪ ਨੇ ਦਿੱਲੀ ਅਤੇ ਬਨਾਰਸ ਵਿਚ ਹੋਏ ਇਨ੍ਹਾਂ ਦੋਹਾਂ ਸਮਾਰੋਹਾਂ ਵਿਚ ਦਰਸ਼ਨ ਵੀ ਦਿੱਤੇ ਅਤੇ ਪਰਸਿੱਧ ਸੰਗੀਤਕਾਰਾਂ ਨੂੰ ਇਸ ਸੰਸਥਾ ਵਲੋਂ ਪੁਰਸਕਾਰ ਦੇਕੇ ਸਨਮਾਨਤ ਵੀ ਕੀਤਾ। ਦਿੱਲੀ ਵਾਲੇ ਪ੍ਰੋਗਰਾਮ ਵਿਚ ਪੰਡਿਤ ਕਿਸ਼ਨ ਮਹਾਰਾਜ ਜੀ ਤਬਲਾਵਾਦਕ ਅਤੇ ਉਨ੍ਹਾਂ ਦੇ ਸ਼ਾਗਿਰਦ ਨੰਦਨ ਮਹਿਤਾ ਅਤੇ ਪੰਡਿਤ ਜੀ ਦੇ ਸਪੁਤਰ ਪੂਰਨ ਮਹਾਰਾਜ ਨੇ ਤ੍ਰਿਗਲਬੰਦੀ ਪੇਸ਼ ਕੀਤੀ ਸੀ। ਉਸਤੋਂ ਬਾਅਦ ਸ੍ਰੀ ਰਾਜਨ-ਸਾਜਨ ਮਿਸ਼ਰਾ ਦੇ ਪਿਤਾ ਪੰਡਿਤ ਹਨੂਮਾਨ ਮਿਸ਼ਰਾ ਨੇ, ਜੋ ਕਿ ਪਚਾਸੀ ਸਾਲ ਦੇ



Sri Satguru Jagjit Singh Ji eLibrary NamdhariElibrary@gmail.com

ਹਨ, ਨੇ ਆਪਣੇ ਸਾਰੰਗੀਵਾਦਨ ਨਾਲ ਸਰੋਤਾ ਸਮੂਹ ਨੂੰ ਮੋਹ ਲਿਆ। ਇਸ ਤੋਂ ਬਾਅਦ ਸ੍ਰੀਮਤੀ ਗਿਰਿਜਾ ਦੇਵੀ ਨੇ ਆਪਣਾ ਸੁਰੀਲਾ ਗਾਇਨ ਪੇਸ਼ ਕਰਕੇ ਕਾਰਜਕ੍ਰਮ ਦੀ ਸਮਾਪਤੀ ਕੀਤੀ ਸੀ।

ਬਨਾਰਸ ਵਾਲੇ ਸੰਗੀਤ ਐਵਾਰਡ ਕਾਰਜਕ੍ਰਮ ਵਿਚ ਵੀ ਸਤਿਗੁਰੂ ਜੀ ਨੇ ਸੰਗੀਤਕਾਰਾਂ ਨੂੰ ਸਨਮਾਨਤ ਕੀਤਾ। ਉਸ ਸਮੇਂ ਉਸਤਾਦ ਅਮਜਦ ਅਲੀ ਖ਼ਾਨ ਸਰੋਦਵਾਦਕ, ਪੰਡਿਤ ਸ਼ਾਰਦਾ ਸਹਾਏ (ਬਨਾਰਸ ਘਰਾਨਾ) ਨੇ ਆਪਣਾ ਏਕਲ ਤਬਲਾ ਵਾਦਨ ਪੇਸ਼ ਕੀਤਾ ਸੀ।

## ਸੁਰ-ਨਾਦ-ਸਮਾਰੋਹ

੨-੩ ਜਨਵਰੀ ਨੂੰ ਹੋਇਆ ਸੁਰ-ਨਾਦ ਸੰਗੀਤ ਆਯੋਜਨ ਆਪਣੇ ਆਪ ਵਿਚ ਇਸ ਗੱਲੋਂ ਮਹੱਤਵਪੂਰਨ ਹੈ ਕਿ ਸਤਿਗੁਰੂ ਜੀ ਦੇ ਸੰਗੀਤ ਸਿਖਸ਼ਾ ਕਾਰਜਕ੍ਰਮਾਂ ਦੇ ਪਹਿਲੇ ਸ਼ਿਸ਼ਿਆਂ ਵਿਚੋਂ ਸ੍ਰੀ ਗੁਰਦੇਵ ਸਿੰਘ ਜੀ ਨਵਇੰਦਰ ਪਾਲ ਸਿੰਘ (ਲਵਲੀ) ਦਾ ਇਹ ਕਾਰਜਕ੍ਰਮ ਪਹਿਲਾ ਪਹਿਲਾ ਕਾਰਜਕ੍ਰਮ ਸੀ, ਜੋ ਹਿੰਦੁਸਤਾਨ ਦੀ ਰਾਜਧਾਨੀ ਵਿਚ ਹੋਇਆ।

ਇਸ ਆਯੋਜਨ ਦਾ ਅਰੰਭ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਅਤੇ ਉਸਤਾਦ ਅਮਜਦ ਅਲੀ ਖ਼ਾਂ ਸਾਹਿਬ ਨੇ ਰਲਕੇ ਦੀਪਕ ਜਲਾ ਕੇ ਆਪਣੇ ਪੱਟ-ਸ਼ਿਸ਼ਿਆਂ ਨੂੰ ਮਾਣ ਬਖਸ਼ਿਆ।

ਉਪਰੰਤ ਉਸਤਾਦ ਅਮਜਦ ਅਲੀ ਖ਼ਾਂ ਸਾਹਿਬ, ਸ੍ਰੀ ਰਾਜਨ ਮਿਸ਼ਰਾ ਅਤੇ ਪੰਡਿਤ ਬਿਰਜੂ ਮਹਾਰਾਜ ਨੇ ਸਤਿਗੁਰੂ ਜੀ ਨੂੰ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਆਪ ਦਾ ਸਨਮਾਨ ਕੀਤਾ।

ਇਸ ਸਮਾਗਮ ਦਾ ਸੰਗੀਤਕ ਆਰੰਭ ਰਾਜਨ ਮਿਸ਼ਰਾ ਜੀ ਦੇ ਸਪੁੱਤਰਾਂ ਰੀਤੇਸ਼ ਤੇ ਰਜਨੀਸ਼ ਮਿਸ਼ਰਾ ਦੇ ਗਾਇਨ ਨਾਲ ਹੋਇਆ। ਇਨ੍ਹਾਂ ਨੇ ਬਾਗੇਸ਼ਵਰੀ ਵਿਚ ਵਿਲੰਬਿਤ-ਦਰੁਤ ਤਿੰਨ ਤਾਲ ਪੇਸ਼ ਕੀਤੇ। ਇਸ ਤੋਂ ਬਾਅਦ ਇਨ੍ਹਾਂ ਨੇ ਮਾਲਕੌਂਸ ਵਿਚ ਪੰਜਾਬੀ ਭਾਸ਼ਾ ਦੀ ਇਕ ਬੰਦਿਸ਼, ਜੋ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਨ੍ਹਾਂ ਨੂੰ ਸਿਖਾਈ ਹੋਈ ਹੈ, ਪੇਸ਼ ਕੀਤੀ। ਉਸ ਦੇ ਬੋਲ ਸਨ—"ਯਾ ਰੱਬਾ ਮੇਰੀ ਬੇੜੀ ਨੂੰ ਪਾਰ ਲਗਾ..."। ਇਨ੍ਹਾਂ ਦੋਹਾਂ ਯੁਵਾ ਭਰਾਵਾਂ ਦਾ ਗਾਇਣ ਸੁਣ ਕੇ ਉਸਤਾਦ ਅਮਜਦ ਅਲੀ ਸਾਹਿਬ ਨੇ ਕਿਹਾ ਕਿ ਮੈਨੂੰ ਇਸ ਗੱਲ ਦਾ ਅੰਦਾਜ਼ਾ ਨਹੀਂ ਸੀ ਕਿ ਇਹ ਏਨਾ ਸੁੰਦਰ ਗਾ ਸਕਦੇ ਨੇ! ਅਤੇ ਉਨ੍ਹਾਂ ਖੁਸ਼ ਹੋਕੇ ਇਨ੍ਹਾਂ ਦੋਹਾਂ ਭਰਾਵਾਂ ਨੂੰ ਆਸ਼ੀਰਵਾਦ ਦਿਤਾ ਤੇ ਜੇਬ੍ਹ ਵਿਚੋਂ ਕੁਝ ਕੱਢ ਕੇ ਦੇਂਦਿਆਂ ਆਖਿਆ ਕਿ 'ਅਸੀਂ ਤਾਂ ਫ਼ਕੀਰ ਹਾਂ।' ਏਸੇ ਸਿਲਸਿਲੇ ਵਿਚ ਸਤਿਗੁਰੂ ਜੀ ਨੇ ਪ੍ਰਸੰਨ ਹੋਕੇ ਰੀਤੇਸ਼ ਤੇ ਰਜਨੀਸ਼ ਮਿਸ਼ਰਾ ਨੂੰ ਸੋਨੇ ਦੀਆਂ ਚੇਨਾਂ ਤੇ ਲੌਕਟਾਂ ਦੀ ਬਖਸ਼ਿਸ਼ ਕੀਤੀ।

ਸ਼ਾਹਿਦ ਪਰਵੇਜ਼ ਇਸ ਸਮਾਗਮ ਦੇ ਦੂਜੇ ਕਲਾਕਾਰ ਸਨ। ਉਨ੍ਹਾਂ ਨੇ ਸਿਤਾਰ ਉਪਰ ਰਾਗ ਗਾਵਤੀ ਪੇਸ਼ ਕੀਤਾ। ਪਰਵੇਜ਼ ਅੱਜ ਦੇ ਪ੍ਰਸਿਧ ਸਿਤਾਰਵਾਦਕਾਂ ਵਿਚੋਂ ਇਕ ਹਨ ਤੇ ਇਨ੍ਹਾਂ ਦੀ ਸ਼ੈਲੀ ਏਨੀ ਸੁਰੀਲੀ ਤੇ ਕਲਾਮਈ ਹੈ ਕਿ ਸੁਣਨ ਵਾਲੇ ਝੂਮ ਉਠਦੇ ਹਨ। ਸ੍ਰੀ ਸ਼ਾਹਿਦ ਪਰਵੇਜ਼ ਨਾਲ ਤਬਲੇ ਉਪਰ ਸੰਗਤ ਸ੍ਰੀ ਰਵਿੰਦਰਪਾਲ ਸਿੰਘ ਨੇ ਐਸੇ ਕਮਾਲ ਸਹਿਤ ਕੀਤੀ ਕਿ ਦਰਸ਼ਕ ਸੁਣ ਕੇ ਬਾਰ ਬਾਰ 'ਵਾਹ ਵਾਹ' ਕਰਦੇ ਰਹੇ।

੩ ਜਨਵਰੀ ਦੇ ਸੰਗੀਤ ਆਯੋਜਨ ਦਾ ਆਰੰਭ ਜਤਿੰਦਰਪਾਲ ਸਿੰਘ ਲਾਡੀ ਦੇ ਸਰੋਦਵਾਦਨ ਨਾਲ ਹੋਇਆ। ਇਨ੍ਹਾਂ ਨੇ ਰਾਗ ਪੂਰੀਆ ਕਲਿਆਣ ਵਿਚ ਅਲਾਪ ਜੋੜ ਝਾਲਾ ਵਿਲੰਬਤ ਤੇ ਦਰੁਤ ਗਤਾਂ ਪੇਸ਼ ਕੀਤੀਆਂ, ਜੋ ਕਿ ਬਹੁਤ ਪ੍ਰਭਾਵ-ਪੂਰਨ ਰਿਹਾ। ਤਬਲੇ ਉਤੇ ਪ੍ਰਸਿਧ ਤਬਲਾਵਾਦਕ ਪੰਡਿਤ ਕੁਮਾਰ ਬੋਸ ਨੇ ਸੰਗਤ ਕੀਤੀ।

ਇਸ ਸਭਾ ਦੀ ਅੰਤਿਮ ਤੇ ਚਮਤਕਾਰੀ ਪ੍ਰਸਤੁਤੀ ਸੀ—ਪੰਡਿਤ ਰਾਜਨ-ਸਾਜਨ ਮਿਸ਼ਰਾ ਦੀ ਗਾਇਕੀ—ਜੋ ਕਿ ਰਾਗ ਅਭੋਗੀ ਵਿਚ ਸੀ। ਅੰਤ ਉਤੇ ਆਪ ਨੇ ਮੀਰਾਬਾਈ ਦਾ ਇਕ ਭਜਨ ਗਾਇਆ, ਜਿਸ ਦੇ ਬੋਲ ਸਨ—'ਏ ਰਾਣਾ ਜੀ ..ਮੈਂ ਤੋ ਗੋਵਿੰਦ ਕੇ ਗੁਣ ਗਾਊਂ''। ਇਸ ਭਜਨ ਦੀ ਪੇਸ਼ਕਾਰੀ ਸਤਿਗੁਰੂ ਜੀ ਨੂੰ ਸੰਬੋਧਿਤ ਸੀ ਅਤੇ ਐਸੀ ਅਦਾ-ਭਰੀ ਸੀ ਕਿ ਉਸ ਦਿਨ ਮਿਸ਼ਰਾ ਬੰਧੂਆਂ ਦਾ ਇਕ ਨਿਵੇਕਲਾ ਸਰੂਪ ਉਸ ਵਿਚੋਂ ਉੱਭਰਦਾ ਮਹਿਸੂਸ ਹੋ ਰਿਹਾ ਸੀ। ਹਰ ਸਰੋਤਾ ਸੰਮੋਹਿਤ ਹੋਇਆ ਸੁਣ ਰਿਹਾ ਸੀ। ਇਨ੍ਹਾਂ ਨਾਲ ਤਬਲੇ ਦੀ ਸੰਗਤ ਸ੍ਰੀ ਅਕਰਮ ਖ਼ਾਨ ਅਤੇ ਹਾਰਮੋਨੀਅਮ ਉਪਰ ਮਹਿਮੂਦ ਧੌਲਪੁਰੀ ਨੇ ਕੀਤੀ।

ਅੰਤ ਉਤੇ 'ਸੁਰ ਨਾਦ ਮਿਉਜ਼ਿਕ ਅਕੈਡਮੀ' ਵਲੋਂ ਸ੍ਰੀ ਐਮ. ਐਲ. ਵੇਦ ਨੇ ਸਤਿਗੁਰੂ ਜੀ ਦਾ ਅਤੇ ਸਮਸਤ ਕਲਾਕਾਰਾਂ ਦਾ ਧੰਨਵਾਦ ਕੀਤਾ।

(ਟਟ)



Sri Satguru Jagjit Singh Ji eLibrary NamdhariElibrary@gmail.com

# ਪ੍ਰਤੀਕਰਮ

ਵਰਿਆਮ ਹਰ ਮਹੀਨੇ ਲਗਾਤਾਰ ਮਿਲ ਰਿਹਾ ਹੈ। ਵੈਸੇ ਤਾਂ ਕੂਕਿਆਂ ਪ੍ਰਤੀ ਸਿੱਖੀ ਵਿਰਾਸਤ 'ਚੋਂ ਮਿਲੀ ਹੋਣ ਕਰਕੇ ਛੋਟੀ ਉਮਰ ਤੋਂ ਹੀ ਸਤਿਕਾਰ ਬਣਿਆ ਰਿਹਾ ਹੈ ਪਰ ਪਹਿਲਾ ਨਾਮਧਾਰੀ ਪੰਥ ਬਾਰੇ ਬਹੁਤੀ ਜਗਿਆਸਾ ਮਨ ਵਿਚ ਨਹੀਂ ਸੀ ਉਪਜੀ। ਨਾਮਧਾਰੀ ਰਹੁ ਰੀਤ ਨੂੰ ਛੱਡ ਚੁੱਕੇ ਕੁੱਝ ਵਿਅਕਤੀ ਮੇਰੇ ਬਾਪੂ ਜੀ ਦੇ ਨਾਲ ਦਾਰੂ ਪਿਆਲਾ ਸਾਂਝਾ ਕਰਦੇ ਹੁੰਦੇ ਸੀ ਤੇ ਮੈਂ ਇੰਨਾ ਹੀ ਜਾਣਦਾ ਸਾਂ ਕਿ ਓਹ ਕੂਕੇ ਸਨ। ਉਨ੍ਹਾਂ ਦੇ ਬਜ਼ੁਰਗਾਂ ਦੇ ਨਾਮਧਾਰੀ ਬਾਣਾ ਪਾਇਆ ਹੁੰਦਾ ਹੈ ਬੱਸ।

ਪਿਛਲੇ ਕੁਝ ਸਾਲਾਂ ਤੋਂ ਨਾਮਧਾਰੀ ਪੰਥ ਵੱਲ ਮੈਂ ਰੁਚਿਤ ਹੋਇਆ ਹਾਂ। ਜੋ ਜੋ ਮਸਾਲਾ ਕਿਤੋਂ ਵੀ ਮਿਲਦਾ ਹੈ ਮੈਂ ਪੜ੍ਹਨ ਦਾ ਜਤਨ ਕਰਦਾ ਆ ਰਿਹਾ ਹਾਂ ਤੇ ਮਸਾਲਾ ਇਕੱਤਰ ਵੀ ਕਰ ਰਿਹਾ ਹਾਂ। ਪਿਛਲੇ ਸਾਲ ਪਿੰਡ ਮੰਡੀ ਕਲਾਂ ਵਿਖੇ ਹੋਏ ਭਾਰੀ ਸਮਾਗਮ ਮੌਕੇ ਮੈਂ ਵੀ ਹਾਜ਼ਰੀ ਲਵਾਈ ਸੀ ਮੌਜੂਦਾ ਪੂਜਨੀਕ ਬਾਬਾ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਸੀ। ਮੈਂ ਉਥੋਂ ਦੀ ਸੰਗਤ ਵਿਚ ਕੂਕਾਂ ਪੰਥ ਸਬੰਧੀ ਅਛੂਤੇ ਛੱਡੇ ਜਾ ਰਹੇ ਪੱਖਾਂ ਬਾਰੇ ਬੇਨਤੀਆਂ ਕੀਤੀਆਂ ਸਨ—ਸਟੇਜ ਉਤੇ ਅਤੇ ਬਾਬਾ ਜੀ ਵਲੋਂ ਬਾਬਾ ਰਾਮ ਸਿੰਘ ਜੀ ਮਹਾਰਾਜ ਦੀ ਬਹੁਤ ਸੁੰਦਰ ਤਸਵੀਰ, ਮਾਲਾ ਅਤੇ ਬਹੁਤ ਸਾਰੀਆਂ ਪੁਸਤਕਾਂ ਦੇ ਕੇ ਨਿਵਾਜਿਆ ਵੀ ਗਿਆ ਸੀ।

ਵਰਿਆਮ ਜੀ, ਮੈਂ ਸਮਝਦਾ ਹਾਂ ਕਿ ਸਿੱਖੀ ਲਹਿਰ ਦਾ ਇਕ ਦੁਖਾਂਤ ਹੈ ਕਿ ਇਸ ਨੂੰ ਮੁੜ ਘਿੜ ਕੇ ਕੇਵਲ ਨਾਨਕ ਨਾਮ ਲੇਵਿਆਂ ਦੀ ਜਮਾਤ ਵਜੋਂ ਹੀ ਸਥਾਪਤ ਕੀਤਾ ਜਾਂਦਾ ਹੈ ਤੇ ਜਾਂਦਾ ਰਿਹਾ ਹੈ। ਨਾਮਧਾਰੀ ਲਹਿਰ ਵੀ ਹੁਣ ਜਿਵੇਂ ਸਿਰਫ਼ ਨਾਮ ਸਿਮਰਨ ਤੱਕ ਹੀ ਮਹਿਦੂਦ ਹੋ ਕੇ ਰਹਿ ਗਈ ਜਾਪਦੀ ਹੈ...ਪਰ ਸ਼ੁਕਰ ਹੈ ਕੁੱਝ ਮੋੜ ਕੱਟ ਕੇ ਇਤਿਹਾਸਕ, ਸਭਿਆਚਾਰਕ, ਸਮਾਜਿਕ ਪਰਸੰਗ ਦੀਆਂ ਗੱਲਾਂ ਹੋਣ ਲੱਗੀਆਂ ਹਨ।

ਮੇਰੀ ਅਲਪ ਮੱਤ ਮੁਤਾਬਿਕ ਸਿੱਖੀ ਲਹਿਰ ਤੇ ਖ਼ਾਸ ਕਰਕੇ ਨਾਮਧਾਰੀ ਸਿੱਖੀ ਅੰਦੋਲਨ ਨੂੰ ਯਾਦ ਕਰਦਿਆਂ ਇਸ ਦੇ ਰਾਜਨੀਤਕ ਪੱਖਾਂ ਨੂੰ ਵਧੇਰੇ ਉਭਾਰਨ ਦੀ ਜ਼ਰੂਰਤ ਸੀ। ਇਸ ਤੋਂ ਪਹਿਲਾਂ ਇਹ ਕਿਵੇਂ ਹੋਣ ਦੇ ਦਿੱਤਾ ਗਿਆ ਕਿ ਅੰਗਰੇਜ਼ਾਂ ਵਿਰੁੱਧ ਨਾ ਮਿਲਵਰਤਣ ਅੰਦੋਲਨ ਦਾ ਮੋਢੀ ਮਹਾਤਮਾ ਗਾਂਧੀ ਮੰਨ ਲਿਆ ਗਿਆ। ਅਜੇ ਵੀ ਸ਼ੁਕਰ ਹੈ ਇਸ 'ਆਜ਼ਾਦੀ' ਦੇ ਪੰਜਾਹ ਵਰ੍ਹਿਆਂ ਬਾਅਦ ਹੀ ਸਹੀ ਸਾਨੂੰ ਜਾਣਕਾਰੀ ਮਿਲਣ ਲੱਗੀ ਹੈ ਕਿ ਇਹ ਅੰਦੋਲਨ ਤਾਂ ਕਾਂਗਰਸ ਦੇ ਹੋਂਦ ਵਿਚ ਆਉਣ ਤੋਂ ਢੇਰ ਚਿਰ ਪਹਿਲਾਂ ਮਹਾਨ ਸੰਤ ਸਿਪਾਹੀ ਬਾਬਾ ਰਾਮ ਸਿੰਘ ਜੀ ਵਲੋਂ ਆਰੰਭ ਕੀਤਾ ਜਾ ਚੁੱਕਾ ਸੀ। ਭਗਤੀ ਲਹਿਰ ਜਿਵੇਂ ਆਪਣੇ ਉਥਾਨ ਤੋਂ ਲੈ ਕੇ ਹੀ ਕਿਰਤੀ ਤੇ ਖ਼ਾਸ ਕਰਕੇ ਦਲਿਤ ਵਰਗ ਦੀ ਜਾਗਰਤੀ-ਲਹਿਰ ਸੀ ਉਥੇ ਸਿੱਖੀ ਲਹਿਰ ਕਿਰਤੀ ਵਰਗ ਦੀ ਸਥਾਪਤੀ ਲਈ ਸੰਗਰਾਮ ਸੀ। ਕੂਕਾ ਅੰਦੋਲਨ ਨਾਮਧਾਰੀ ਅੰਦੋਲਨ ਹੀ ਨਹੀਂ ਸੀ, ਸਗੋਂ ਅੰਗਰੇਜ਼ਾਂ ਵਿਰੁੱਧ ਰਾਜਨੀਤਕ ਯੁੱਧ ਸੀ ਤੇ ਬਾਕਾਇਦਾ ਮੁਤਬਾਦਲ ਸਰਕਾਰ ਸਥਾਪਤ ਕਰਕੇ ਆਰੰਭਿਆ ਗਿਆ ਯੁੱਧ ਸੀ। ਸੜਕਾਂ, ਰੇਲਾਂ, ਡਾਕ, ਸਿੱਖਿਆ ਸੰਸਥਾਵਾਂ, ਅਦਾਲਤਾਂ, ਗੱਲ ਕੀ ਬਿੱਲੇ ਦੇ ਪ੍ਰਸ਼ਾਸਨ ਦੇ ਕਿਸੇ ਵੀ ਕੜੇ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਅੰਦਰਖਾਤੇ ਸਭ ਕੁੱਝ ਆਪਣਾ ਲਾਗੂ ਕਰਨਾ ਜੇ ਸਵਰਾਜ ਲਈ ਯੁੱਧ ਨਹੀਂ ਸੀ ਤਾਂ ਹੋਰ ਕੀ ਸੀ? ਮੈਨੂੰ ਸੱਚੀਓਂ ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਇਸ ਗੱਲ ਨੂੰ ਦੋਮ ਦਰਜੇ ਤੇ ਲੈ ਜਾਣ ਦੇ ਕੀ ਕਾਰਨ ਸਨ। ਉਪਰੋਕਤ ਤੱਥਾਂ ਤੋਂ ਇਲਾਵਾ ਬਾਈ ਸੂਬਿਆਂ ਦੀ ਸਥਾਪਤੀ ਬਾਬਾ ਰਾਮ ਜੀ ਦੇ ਕਲਪਿਤ ਰਾਜ ਦੀ ਗਵਾਹੀ ਭਰਦੀ ਹੈ ਤੇ ਮੈਂ ਇਹ ਦਾਅਵਾ ਕਰਦਾ ਹਾਂ ਕਿ ਜੇ ਪੰਜਾਬ ਦਾ ਤੱਤਾ ਖੂਨ ਇਤ-ਹਾਸਿਕ ਸਬਕਾਂ ਨੂੰ ਨਾਲ ਲੈ ਕੇ ਚਲਦਾ ਤਾਂ ਬਾਬਾ ਜੀ ਸਵਰਾਜ ਸਥਾਪਤ ਕਰਨ ਦੇ ਮਨਸੂਬੇ ੧੯੪੭ ਦੀ ਬਜਾਏ ਕਈ ਦਹਾਕੇ ਪਹਿਲਾਂ ਸਿਰੇ ਚੜ੍ਹਨੇ ਸਨ।

ਨਾਮਧਾਰੀ ਫੌਜਾਂ ਜਿਵੇਂ ਬਿੱਲੇ ਵਿਰੁੱਧ ਇਨਕਲਾਬ ਕਰਨ ਦੀ ਤਿਆਰੀ ਵਿਚ ਜੁਟੀਆਂ ਹੋਈਆਂ ਸਨ, ਗਊਆਂ ਦੇ ਮਸਲੇ ਨੂੰ ਲੈ ਕੇ ਕੁੱਝ ਤੱਤੇ ਸਿੰਘਾਂ ਵਲੋਂ ਭੈਣੀ ਸਾਹਿਬ ਵਿਖੇ ਬਾਬਾ ਜੀ ਤੋਂ ਵੱਖ ਹੋ ਕੇ, ਲਕੀਰ ਖਿੱਚਣੀ ਫੋੜੇ ਨੂੰ ਵਕਤ ਤੋਂ ਪਹਿਲਾਂ ਚੀਰਾ ਦੇਣ ਦੇ ਤੁੱਲ ਸੀ। ਬੇਦੋਸ਼ੇ ਨਾਮਧਾਰੀਆਂ ਉੱਤੇ ਗੋਰੇਸ਼ਾਹੀ ਵੱਲੋਂ ਕੀਤੇ ਜਾ ਰਹੇ ਅੱਤਿਆਚਾਰਾਂ ਦੇ ਮੁੱਦੇ ਨੂੰ ਲੈ ਕੇ ਗਊ-ਬਧ ਨੂੰ ਰੋਕਣ ਅਤੇ ਬੁਚੜਾਂ ਨੂੰ ਸੋਧਣ ਦੇ ਰਾਹ ਪਏ ਸਾਵੇਂ ਨਾਮਧਾਰੀਆਂ ਵੱਲੋਂ ਜ਼ਿੰਮੇਵਾਰੀ ਕਬੂਲ ਕੇ ਗ੍ਰਿਫ਼ਤਾਰੀ ਲਈ ਤਿਆਰ ਹੋਣਾ ਤੇ ਫਿਰ ਤੋਪਾਂ, ਫਾਂਸੀਆਂ ਮੂਹਰੇ ਕੀਰਤਨ ਕਰਦਿਆਂ ਮਹਾਨ



Sri Satguru Jagjit Singh Ji eLibrary NamdhariElibrary@gmail.com

ਬਲੀਦਾਨ ਦੇ ਦੇਣਾ ਰੁਕੜੇ ਵਾਲਿਆਂ ਦੀ ਦੀਦਾ ਦਲੇਰੀ ਸੀ ਜਿਸ ਮੂਹਰੇ ਅੱਜ ਅਵਾਮ ਨਤ-ਮਸਤਕ ਹੋ ਰਿਹਾ ਹੈ। ਬੇਕਸੂਰਿਆਂ ਨੂੰ ਅੰਗਰੇਜ਼ ਦੇ ਜਬਾੜ੍ਹਿਆਂ 'ਚੋਂ ਕੱਢਣ ਲਈ, ਇਹ ਸਾਕਾ ਉਨ੍ਹਾਂ ਮਹਾਨ ਸ਼ਹੀਦਾਂ ਦੇ ਸਿੱਖੀ ਸਿਦਕ ਤੇ ਪੁਰਜ਼ਾ ਪੁਰਜ਼ਾ ਕਟ ਮਰਨ ਅਤੇ ਖ਼ੇਤ ਨਾ ਛੱਡਨ ਦੀ ਜਿਥੇ ਗਵਾਹੀ ਭਰਦਾ ਹੈ ਉਥੇ ਇਤਿਹਾਸਕ ਭੁੱਲਾਂ, ਜਲਦਬਾਜ਼ੀ, ਪੰਜਾਬੀਆਂ ਦੇ ਮਾਅਰਕੇਬਾਜ਼ ਸੁਭਾਅ ਦੀ ਚੁਗਲੀ ਵੀ ਕਰਦਾ ਹੈ।

ਸਾਡੇ ਲਈ ਹੁਣ ਢੁਕਵਾਂ ਸਮਾਂ ਹੈ ਕਿ ਅਸੀਂ ਇਸ ਗੱਲ ਨੂੰ ਲੈ ਕੇ ਇਕ ਅੰਦੋਲਨ (ਕਲਮ ਯੁੱਧ) ਛੇੜੀਏ ਕਿ ਇਤਿਹਾਸ ਵਿਚ ਨਾਮਿਲਵਰਤਣ ਲਹਿਰ ਦੇ ਸਰੂਪ ਵਿਚ ਸੋਧ ਕਰਕੇ ਸਹੀ ਇਤਿਹਾਸਿਕ ਤੱਥ ਪੇਸ਼ ਕੀਤੇ ਜਾਣ। ਨਾਮਧਾਰੀ ਲਹਿਰ ਦੇ ਰਾਜਨੀਤਕ ਪਹਿਲੂਆਂ ਨੂੰ ਵੀ ਉਜਾਗਰ ਕੀਤਾ ਜਾਣਾ ਸਮੇਂ ਦੀ ਜ਼ਰੂਰਤ ਹੈ।

ਅਜੇ ਮੈਂ ਅੱਗਰੇਜ਼ ਫੌਜਾਂ ਅਤੇ ਸਿੱਖ ਫੌਜਾਂ ਵਿਚ ਹੋਏ ਆਖਰੀ ਯੁੱਧ ਵਿਚ ਸ. ਸ਼ਾਮ ਸਿੰਘ ਅਟਾਰੀਵਾਲਾ ਅਤੇ ਬਾਬਾ ਰਾਮ ਸਿੰਘ ਜੀ ਵਲੋਂ ਨਿਭਾਈ ਗਈ ਭੂਮਿਕਾ ਦੇ ਸਬੰਧ ਵਿਚ ਕੋਈ ਨਿਰਨਾ ਨਹੀਂ ਲੈ ਸਕਿਆ ਕਿਉਂਕਿ ਪ੍ਰਾਪਤ ਪੁਸਤਕਾਂ ਵਿਚ ਇਸ ਨਾਲ ਸਬੰਧਤ ਇਤਿਹਾਸਕ ਸਾਮਗਰੀ ਹਾਜ਼ਰ ਨਹੀਂ। ਬਹੁਤੀਆਂ ਪੁਸਤਕਾਂ ਤਾਂ ਪ੍ਰਚਲਤ ਗੁਰਗੱਦੀ ਨੂੰ ਸਥਾਪਤ ਕਰਨ ਜਾਂ ਸਥਾਪਤੀ ਨੂੰ ਪ੍ਰਚਾਰਨ ਹਿਤ ਹੀ ਲਿਖੀਆਂ ਗਈਆਂ ਜਾਪਦੀਆਂ ਹਨ। ਕਿਸੇ ਹੱਦ ਤੱਕ ਇਹ ਵੀ ਇਕ ਨਾਂਹ-ਵਾਚੀ ਪੱਖ ਹੀ ਹੈ।

## ਕੁੱਝ ਵਰਿਆਮ ਸਿੰਘ ਸੰਧੂ ਬਾਰੇ

ਵਰਿਆਮ ਸੰਧੂ ਮੇਰਾ ਸਾਂਢੂ ਹੈ। ਕਹਾਣੀ ਵਿਚ ਵੀ ਤੇ ਸਮਾਜਿਕ ਜੀਵਨ ਵਿਚ ਵੀ। ਉਹ ਵੀ ਇਤਿਹਾਸਕ ਕਸਬੇ ਝਬਾਲ ਵਿਚ ਵਿਆਹਿਆ ਹੋਇਆ ਹੈ। ਸਾਡੀ ਜੇ ਲਗਦੀ ਹੈ ਤਾਂ ਸਾਂਢੂਆਂ ਕਰਕੇ ਹੀ ਲਗਦੀ ਹੈ। ਉਹ ਉਮਰ ਵਿਚ ਮੇਰੇ ਨਾਲੋਂ ਸਾਲ ਦੋ ਸਾਲ ਛੋਟਾ ਹੈ ਤੇ ਰਜਵੰਤ ਵੀ ਸ਼ਾਇਦ ਮੇਰੀ ਪਤਨੀ ਨਾਲੋਂ ਸਾਲ ਦੋ ਸਾਲ ਪਿਛਲੀ ਜਮਾਤ ਵਿਚ ਪੜ੍ਹਦੀ ਸੀ ਪਰ ਜਿਥੋਂ ਕਹਾਣੀ ਦੀ ਗੱਲ ਹੈ ਉਹ ਕਹਾਣੀ ਕੁੜੀ ਦੇ ਵਿਆਹ ਵਿਚ ਵੱਧ ਨਿਉਂਦਾ ਪਾਉਣ ਵਾਲਾ ਮੁਰੈਲੂ ਸਾਂਢੂ ਹੈ। ਜੇਕਰ ਵੱਡੇ ਸਾਂਢੂ ਕੋਲ ਛੋਟੇ ਦਾ ਮੁਕਾਬਲਾ ਕਰਨ ਲਈ ਨਾਮਾ ਨਾ ਹੋਵੇ ਤਾਂ ਉਸ ਨੇ ਈਰਖਾ ਤਾਂ ਕਰਨੀ ਹੀ ਹੋਈ। ਮੈਂ ਵੀ ਵਰਿਆਮ ਨਾਲ ਈਰਖਾ ਕਰਦਾ ਹਾਂ ਪਰ ਮੇਰੀ ਇਸ ਈਰਖਾ ਪਿਛੇ ਕੋਈ ਮੰਦਭਾਵਨਾ ਨਹੀਂ ਸਗੋਂ ਮੈਂ ਹੋਰ ਮਿਹਨਤ ਕਰਕੇ ਕੁੱਝ ਕਮਾਈ ਕਰਨ ਦੇ ਜਤਨ ਕਰਦਾ ਹਾਂ ਤਾਂ ਜੋ ਅਗਲੀ ਵਾਰ ਮੈਂ ਵੀ ਉਸ ਦੇ ਬਰਾਬਰ ਨਿਉਂਦਾ ਪਾ ਸਕਾਂ।

ਮੇਰੇ ਤਾਏ ਦਾ ਪੁੱਤ ਭਰਾ ਸ. ਨਛੱਤਰ ਸਿੰਘ ਹੈ। ਅੱਜ ਕੱਲ੍ਹ ਇਤਿਹਾਸਕ ਗੁਰਦੁਆਰਾ ਰਾਮਪੁਰਾ ਫੂਲ ਵਿਚ ਸੇਵਾਦਾਰ ਹੈ। ਉਸ ਦੀ ਮਾਸੀ ਦੀ ਧੀ ਜਾਣੀ ਸਾਡੀ ਭੈਣ ਸ੍ਰ. ਪ੍ਰੀਤਮ ਸਿੰਘ ਸਮਾਣਾ ਸਾਬਕਾ ਡਿਪਟੀ ਸਪੀਕਰ (ਸ਼ਾਇਦ ਪੈਪਸੂ ਸਰਕਾਰ) ਨੂੰ ਵਿਆਹੀ ਹੋਈ ਹੈ ਤੇ ਉਹ ਅੱਜ ਕਲ੍ਹ ਵਲਾਇਤ ਵਿਚ ਰਹਿੰਦੇ ਹਨ। ਉਨ੍ਹਾਂ ਦੇ ਮੁਕਾਬਲੇ ਨਛੱਤਰ ਸਿੰਘ ਦੀ ਔਕਾਤ ਕੁੱਝ ਵੀ ਨਹੀਂ। ਇਹ ਉਨ੍ਹਾਂ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਰਹਿੰਦਾ ਹੈ ਤੇ ਉਹ ਇਸ ਲਈ ਰਿਸ਼ਤੇਦਾਰੀ ਦਾ ਥੋੜਾ ਬਹੁਤਾ ਕਿਣਕਾ ਭੋਰਦੇ ਹਨ ਪਰ ਤਾਂ ਵੀ ਉਸਨੂੰ ਮਾਣ ਹੈ ਕਿ ਉਸਦੀ ਮਾਸੀ ਦਾ ਜੁਆਈ ਇੰਨਾ ਵੱਡਾ ਬੰਦਾ ਹੈ। ਨਿਸਚੈ ਹੀ ਵਰਿਆਮ ਸਿੰਘ ਸੰਧੂ ਬਹੁਤ ਵੱਡਾ ਕਹਾਣੀਕਾਰ ਹੈ ਪਰ ਮੈਂ ਉਸਦੇ ਨਾਲ ਨਛੱਤਰ ਸਿੰਘ ਵਾਂਗ ਨਹੀਂ ਪੁੱਗਣਾ।

ਪਿਛਲੇ ਤਿੰਨ ਕੁ ਮਹੀਨਿਆਂ ਤੋਂ ਵਰਿਆਮ ਮਾਸਿਕ ਪੱਤਰ ਦੇ ਪੰਨਿਆਂ 'ਤੇ ਵਰਿਆਮ ਸਿੰਘ ਸੰਧੂ ਛਾਇਆ ਹੋਇਆ ਹੈ। ਆਪਣੀ ਅਮਰੀਕੀ ਫੇਰੀ ਬਾਰੇ ਉਹ ਆਪਣੇ ਅਨੁਭਵ ਲਿਖ ਰਿਹਾ ਹੈ। ਮੈਂ ਸੱਚ ਕਹਿੰਦਾ ਹਾਂ ਬਲਰਾਜ ਸਾਹਨੀ ਦੇ 'ਮੇਰਾ ਪਾਕਸਤਾਨੀ ਸਫ਼ਰਨਾਮਾ' ਅਤੇ 'ਮੇਰਾ ਰੂਸੀ ਸਫ਼ਰਨਾਮਾ' ਨੇ ਮੈਨੂੰ ਕਾਇਲ ਕੀਤਾ ਸੀ ਤੇ ਫਿਰ ਹਰਭਜਨ ਹਲਵਾਰਵੀ ਦੀ 'ਚੀਨ ਯਾਤਰਾ' ਨੇ। ਵਰਿਆਮ ਸਿੰਘ ਸੰਧੂ ਦੇ 'ਅਣਮੰਨਿਆ ਮਨ, ਅਮਰੀਕਾ ਫਤਹਿ ਕੀਤੀ, ਚੜ੍ਹ ਜਾ ਦਿੱਲੀ 'ਤੇ ਆਦਿ ਪੜ੍ਹਕੇ ਸਕੂਨ ਮਿਲਿਆ ਹੈ ਤੇ ਸੱਚਮੁੱਚ ਚਾਅ ਚੜ੍ਹਿਆ ਹੈ ਕਿ ਇਹ ਸਫ਼ਰਨਾਮਾ 'ਸਫ਼ਰਨਾਮਾ ਸਾਹਿਤ' ਵਿਚ ਨਿਗਰ ਪ੍ਰਾਪਤੀ ਹੋਵੇਗੀ ਉਥੇ ਇਸ ਵਿਚ ਗਲਪ ਵਿਧਾ ਵਾਲੇ ਗਲਪੀ ਅੰਸ਼ ਇਸ ਦੀ ਸਾਹਿਤਕਾਰਤਾ ਦਾ ਮੀਲ ਪੱਥਰ ਹੋਣਗੇ। ਵਰਿਆਮ ਨੂੰ ਮੈਂ ਵਧਾਈ ਭੇਜਣਾ ਫਖਰ ਸਮਝਦਾ ਹਾਂ। ਇਕ ਨਹੀਂ ਤਿੰਨਾਂ ਵਰਿਆਮਾਂ ਨੂੰ: ਵਰਿਆਮ ਸਿੰਘ ਸੰਧੂ, ਜਗਦੀਸ਼ ਸਿੰਘ 'ਵਰਿਆਮ' ਤੇ ਮਾਸਿਕ ਵਰਿਆਮ ਨੂੰ।

**—ਅਤਰਜੀਤ**

—✱—



Sri Satguru Jagjit Singh Ji eLibrary NamdhariElibrary@gmail.com

(ਲੇਖਕ ਨੇ ਸਿੱਖੀ ਨੂੰ ਨਾਨਕ ਨਾਮ ਲੇਵਿਆਂ ਦੀ ਜਮਾਤ ਵਜੋਂ ਸਥਾਪਤ ਕਰਨਾ ਸਿੱਖੀ ਲਹਿਰ ਦਾ ਦੁਖਾਂਤ ਦਸਿਆ ਹੈ ਪਰ ਇਹ ਨਹੀਂ ਦਸਿਆ ਕਿ ਇਹ ਕਿਉਂ ਦੁਖਾਂਤ ਹੈ ਅਤੇ ਇਸ ਦੀ ਥਾਂ ਕੀ ਗੱਲ ਹੋਣੀ ਚਾਹੀਦੀ ਸੀ। "ਨਾਮਧਾਰੀ ਲਹਿਰ ਵੀ ਹੁਣ ਨਾਮ ਸਿਮਰਨ ਤਕ ਮਹਿਦੂਦ ਹੋ ਕੇ ਰਹਿ ਗਈ ਹੈ" ਇਹ ਲੇਖਕ ਦਾ ਵਿਚਾਰ ਹੈ ਪਰ ਜੇ ਨਾਮਧਾਰੀ ਜਿਨ੍ਹਾਂ ਦਾ ਨਾਮ ਹੀ ਨਾਮ ਸਿਮਰਨ ਕਰਕੇ ਇਹ ਹੈ ਹੀ ਨਾਮ ਸਿਮਰਨ ਨਹੀਂ ਕਰਨਗੇ ਤਾਂ ਹੋਰ ਕੌਣ ਕਰੂ। ਇਹਨਾਂ ਸੰਬੰਧੀ ਇਤਿਹਾਸਕ, ਸਭਿਆਚਾਰਕ, ਸਮਾਜਕ ਪਰਸੰਗ ਦੀਆਂ ਗੱਲਾਂ ਮੋੜ ਕਟ ਕੇ ਨਹੀਂ ਹੋਈਆਂ ਸਗੋਂ ਜੇ ਲੇਖਕ ਗਹੁ ਨਾਲ ਸਮਕਾਲੀ ਲਹਿਰਾਂ ਦਾ ਇਤਿਹਾਸ ਘੋਖੇਗਾ ਤਾਂ ਉਸ ਨੂੰ ਲਭਣਾ ਮੁਸ਼ਕਲ ਹੋ ਜਾਵੇਗਾ ਕਿ ਨਾਮਧਾਰੀਆਂ ਵਰਗੀ ਅਲਪ ਸੰਖਿਅਕ ਜਮਾਤ ਦੇ ਤੁਲ ਕੋਈ ਐਸੀ ਹੋਰ ਜਮਾਤ, ਸੰਸਥਾ ਹੈ ਵੇ ਜਿਸ ਦਾ ਇਤਿਹਾਸ ਵੀ ਸਾਮਰਾਜ ਵਿਰੁਧ ਘੋਲ ਅਤੇ ਕੁਰਬਾਨੀਆਂ ਭਰਪੂਰ ਹੋਵੇ, ਸਮਾਜਿਕ ਕਦਰਾਂ ਕੀਮਤਾਂ ਵਿਚ ਵੀ ਉਹਨਾਂ ਨੇ ਨਿਸਚਿਤ ਪਰਿਵਰਤਨ ਕੀਤਾ ਹੋਵੇ. ਸਭਿਆਚਾਰਕ ਖ਼ੇਤਰ ਖਾਸ ਕਰ ਕੇ ਸੰਗੀਤ ਦੇ ਖੇਤਰ ਵਿਚ ਵੀ ਜਿਨ੍ਹਾਂ ਦੀ ਛਾਪ ਸੰਸਾਰ ਪੱਧਰ ਦੀ ਹੋਵੇ। ਜੋ ਕਿਰਸਾਨੀ ਵਿਚ ਵੀ ਮੋਹਰੀ ਹੋਣ, ਹਥੀਂ ਕਿਰਤ ਕਰਕੇ ਈਮਾਨਦਾਰੀ ਦੀ ਰੋਟੀ ਕਮਾਉਣ ਵਿਚ ਵੀ ਸਰਵੁਚ ਹੋਣ। ਖੇਡ ਜਗਤ ਵਿਚ ਵੀ ਛਾਪ ਹੋਵੇ ਅਤੇ ਇਸ ਤਰ੍ਹਾਂ ਹੋਰ ਖੇਤਰ ਵੀ ਗਿਣੇ ਜਾ ਸਕਦੇ ਹਨ। ਇਹ ਮੋਟ ਕੱਟ ਕੇ ਕੀਤੀਆਂ ਗੱਲਾਂ ਹੀ ਨਹੀਂ ਸਗੋਂ ਸੰਸਾਰ ਸਾਹਮਣੇ ਪਰਤੱਖ ਮਿਸਾਲ ਹੈ। ਅਮਲੀ ਮਿਸਾਲ। ਇਕ ਕੌਮ ਦੀ ਕਾਇਆ ਕਲਪ ਹੋ ਜਾਣ ਦੀ ਮਿਸਾਲ। ਕੀ ਇਹ ਸਾਰੀਆਂ ਗਲਾਂ ਨਾਮਧਾਰੀ ਆਪਣੇ ਸਤਿਗੁਰਾਂ ਦੀ ਅਗਵਾਈ ਤੋਂ ਬਗੈਰ ਕਰ ਸਕਦੇ ਸਨ? ਜੇ ਨਾਮਧਾਰੀ ਗੁਰਗੱਦੀ ਦੀ ਸਥਾਪਤੀ ਦਾ ਪਰਚਾਰ ਨਹੀਂ ਕਰਨਗੇ ਤਾਂ ਕੀ ਉਹ ਅੰਗਰੇਜ਼ ਦੀ ਗੱਦੀ ਦੀ ਸਥਾਪਤੀ ਦਾ ਪਰਚਾਰ ਕਰਨਗੇ। ਜਿਸ ਸਮੇਂ ਦੇਸ਼ ਵਿਚ ਅੰਗਰੇਜ਼ ਹਕੂਮਤ ਵਿਰੁਧ ਕੋਈ ਚੂੰ ਤਕ ਨਹੀਂ ਸੀ ਕਰ ਸਕਦਾ ਉਸ ਵੇਲੇ ਨਾਮਧਾਰੀਆਂ ਨੇ ਗੁਲਾਮੀ ਵਿਰੁਧ ਆਵਾਜ਼ ਵੀ ਉਠਾਈ ਤੇ ਮੁੱਲ ਵੀ ਤਾਰਿਆ ਇਹ ਹੀ ਉਹਨਾਂ ਦਾ ਕਿਰਦਾਰ ਸੀ। ਲੰਮੇ ਸਮੇਂ ਤਕ ਇਤਿਹਾਸਕਾਰ ਅਜਿਹੀਆਂ ਘਟਨਾਵਾਂ ਤੇ ਬਹਿਸ ਕਰਦੇ ਹਨ। ਏਸ ਵਾਸਤੇ ਨਿਰਣਾ ਨਹੀਂ ਕੀਤਾ ਜਾ ਸਕਦਾ ਕਿ ਗਲਤ ਜਾਂ ਸਹੀ ਕੀ ਹੋ ਸਕਦਾ ਸੀ। ਚੰਗੀ ਗੱਲ ਹੈ ਕਿ ਲੇਖਕ ਅਧਿਐਨ ਵਿਚ ਲਗਾ ਹੈ। ਦੀਰਘ ਅਧਿਐਨ ਦੀ ਲੋੜ ਹੈ। ਪਹਿਲਾਂ ਹੀ ਸਿਟੇ ਕੱਢਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਅਤੇ ਸਤਿਗੁਰੂ ਨੂੰ ਸਤਿਗੁਰੂ ਕਹਿਣ ਤੋਂ ਸੰਕੋਚ ਨਹੀਂ ਕਰਨਾ ਚਾਹੀਦਾ।

—ਸੰਪਾਦਕ)

—★—

ਵਰਿਆਮ ਸੰਧੂ ਹੋਰਾਂ ਦਾ ਅਮਰੀਕਾ ਬਾਰੇ ਸਫ਼ਰਨਾਮਾ ਬਹੁਤ ਰੌਚਿਕ ਹੈ। ਕਿਰਪਾ ਕਰਕੇ ਇਸ ਦੀਆਂ ਸਾਰੀਆਂ ਕਿਸ਼ਤਾਂ ਛਾਪਿਓ। ਇਕ ਤਾਂ ਮਿਲਵਾਕੀ ਕਾਨਫ਼ਰੰਸ ਬਾਰੇ ਰੌਲ-ਘਚੋਲੇ ਨੂੰ ਇਹ ਸਾਫ ਕਰੇਗਾ, ਦੂਜਾ ਕਈ ਸਫ਼ਰਨਾਮੇ ਲਿਖਣ ਵਾਲਿਆਂ ਨੂੰ ਮੱਤ ਵੀ ਆਵੇਗੀ; ਕਿਉਂਕਿ ਵਰਿਆਮ ਹੋਰਾਂ ਦੇ ਲਿਖੇ ਹਰ ਲਫ਼ਜ਼ ਲਈ ਪਾਠਕਾਂ ਸਾਹਿਤਕਾਰਾਂ ਵਿਚ ਸਤਿਕਾਰ ਹੈ। ਇਸ ਲਈ ਇਨ੍ਹਾਂ ਤੱਥਾਂ ਨੂੰ ਹੀ ਸਹੀ ਮੰਨਿਆ ਜਾਵੇਗਾ ਭਾਵੇਂ ਇਹ ਵਰਿਆਮ ਹੋਰਾਂ ਦੇ ਨਿਜੀ ਪ੍ਰਭਾਵ ਹੀ ਕਿਉਂ ਨਾ ਹੋਣ। ਮੇਰੀ ਜਾਚੇ ਏਨੇ ਰਾਮ-ਰੌਲੇ ਮਗਰੋਂ ਕੋਈ ਇਹੋ ਜਿਹੀ ਸਾਫ਼-ਸਾਫ਼ ਚੀਜ਼ ਦੀ ਬੇਹੱਦ ਲੋੜ ਸੀ। ਇਸ ਸਫ਼ਰਨਾਮੇ ਨੂੰ ਲਿਖਣ ਲਈ ਵਰਿਆਮ ਹੋਰੀਂ ਅਤੇ ਤੁਸੀਂ (ਸੰਪਾਦਕ) ਛਾਪਣ ਲਈ ਵਧਾਈ ਦੇ ਹੱਕਦਾਰ ਹੋ। ਮੇਰਾ ਅਤੇ ਮੇਰੇ ਵਰਗੇ ਕਈ ਹੋਰਾਂ ਵਲੋਂ ਸ਼ੁਕਰਾਨਾ ਕਬੂਲ ਕਰਨਾ।

**—ਕਿਰਪਾਲ ਕਜ਼ਾਕ**

—☆—

ਫਰਵਰੀ ਅੰਕ, ਚਿਤਰ ਸੁੰਦਰ ਹੈ ਪਰ ਗਰਦਨ ਦੀ ਲੰਮਾਈ ਗੈਰ-ਕੁਦਰਤੀ ਹੈ ਤੇ ਦਾੜ੍ਹਾ ਵੀ ਵਧੇਰੇ ਕਾਲਪਨਿਕ ਰੂਪ ਲੈ ਗਿਆ ਹੈ ਚਿਤ੍ਰਕਾਰ ਦੀ ਮਰਜ਼ੀ।

ਵਿਸ਼ਵ ਪੰਜਾਬੀ ਕਾਨਫਰੰਸ ਦੀਆਂ ਅਨੋਖੀਆਂ ਖਬਰਾਂ ਪੜ੍ਹੀਆਂ, ਅਸੀਂ ਉਥੇ ਕੀ ਕਰਨ ਜਾਂਦੇ ਹਾਂ ਇਹੋ ਪੰਜਾਬੀਅਤ ਜਾਂ ਗੁਰੂ ਦੀ ਸਿਖਾਈ ਸਿਖੀ ਹੈ? ਪੜ੍ਹਕੇ ਸ਼ਰਮ ਮਹਿਸੂਸ ਹੋਈ ਕਿਉਂਕਿ 'ਸ਼ਰਮ ਪਰੂਫ' ਪਾਸ ਨਹੀਂ ਸੀ। ਅਨੁਸ਼ਾਸਨ, ਅਦਬ ਅਦਾਬ ਤੇ ਅਕਲ ਦਾ ਅਭਾਵ ਲਗਦਾ ਹੈ, ਇਸ ਲਈ ਆਦਮੀ ਅਕਲੀਅਤ ਵਿਚ ਹੀ ਜਾਣੇ ਯੋਗ ਹਨ, ਹੇੜਾਂ ਦੇ ਰੂਪ ਵਿਚ ਨਹੀਂ ਪਰ ਇਥ ਤਾਂ ਪੈਮਾਨਾ ਚਾਲੀ ਹਜ਼ਾਰੀ ਦਾ ਹੈਸੀ, ਦੰਮਾਂ ਵਾਲੇ ਤਾਂ ਸੰਮਾਂ ਵਾਲੇ ਹੀ ਹੁੰਦੇ ਹਨ।

**—ਪਿਆਰਾ ਸਿੰਘ ਪਦਮ**

—★—



Sri Satguru Jagjit Singh Ji eLibrary NamdhariElibrary@gmail.com

ਮੈਂ 'ਵਰਿਆਮ' ਦਾ ਗਾਹਕ ਨਾ ਹੁੰਦਾ ਹੋਇਆ ਵੀ ਹਰ ਅੰਕ ਪੜ੍ਹਨ ਦੀ ਕੋਸ਼ਿਸ਼ ਕਰਦਾ ਹਾਂ। ਮੇਰੀ ਨਿਗ੍ਹਾ ਵਿਚ ਵਰਿਆਮ ਕਿਸੇ ਨਾਮਧਾਰੀ ਵਲੋਂ ਪ੍ਰਕਾਸ਼ਤ ਹੋਣ ਵਾਲਾ ਇਕੋ ਇਕ ਨਿਰੋਲ ਸਾਹਿਤਕ ਪਰਚਾ ਹੈ। ਇਸ ਦੀ ਬਾਹਰੀ ਦਿੱਖ ਅਤੇ ਸਮਗਰੀ ਪ੍ਰਸੰਸਾ ਦੀ ਪਾਤਰ ਹੁੰਦੀ ਹੈ। ਤੁਹਾਡੀ ਇਹ ਬਹੁਤ ਉਚੀ ਪ੍ਰਾਪਤੀ ਹੈ।

ਫਰਵਰੀ ਦਾ ਇਹ ਅੰਕ ਬਸੰਤ ਨੂੰ ਸਮਰਪਤ ਸੀ, ਜੋ ਕਿ ਨਾਮਧਾਰੀ ਸਮਾਜ ਦੇ ਜਨਮ-ਦਾਤਾ ਅਤੇ ਅਜ਼ਾਦੀ ਲਹਿਰ ਦੇ ਮੋਢੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਗੁਰਪੁਰਬ ਹੋਣ ਕਰਕੇ ਨਾਮਧਾਰੀਆਂ ਲਈ ਸਰਵ ਪ੍ਰਮੁਖ ਪੁਰਬ ਹੈ। ਦੂਜਾ ਇਹ ਵਰ੍ਹਾ ਸਰਕਾਰੀ ਅਤੇ ਗੈਰ-ਸਰਕਾਰੀ ਤੌਰ ਤੇ ਆਜ਼ਾਦੀ ਦੀ ਸਵਰਨ ਜਯੰਤੀ ਦੇ ਤੌਰ ਤੇ ਮਨਾਇਆ ਜਾ ਰਿਹਾ ਹੈ। ਇਸ ਹਿਸਾਬ ਨਾਲ ਇਹ ਪਰਚਾ ਅਧੂਰਾ ਸਮਝਦਾ ਹਾਂ। ਇਸ ਦਾ ਕਾਰਣ ਤੁਸੀਂ ਸੰਪਾਦਕੀ ਵਿਚ ਲਿਖ ਦਿਤਾ ਹੈ ਜਿਸ ਲਈ ਕਿ ਤੁਸੀਂ ਜ਼ਿੰਮੇਵਾਰ ਨਹੀਂ ਹੋ। ਫਿਰ ਵੀ ਤੁਸੀਂ ਕਾਫੀ ਉਦਮ ਕੀਤਾ ਹੈ।

ਸਤਨਾਮ ਚਾਨਾ ਜੀ ਨੇ ਬਹੁਤ ਵਧੀਆ ਸ਼ੁਰੂ ਕੀਤੀ ਹੈ, ਪਰ ਉਹਨਾਂ ਸਿਰਫ ਇਤਿਹਾਸਕਾਰਾਂ ਦੀ ਬੇਇਨਸਾਫੀ ਹੀ ਥੋੜ੍ਹੀ ਜਿਹੀ ਦੱਸੀ ਹੈ। ਸਰਕਾਰੀ ਤੌਰ ਤੇ ਜੋ ਨਾਮਧਾਰੀ ਆਜ਼ਾਦੀ ਦੀ ਲਹਿਰ ਨਾਲ ਬੇਇਨਸਾਫੀ ਹੋਈ ਹੈ ਜਾਂ ਹੋ ਰਹੀ ਹੈ ਉਸ ਦਾ ਜ਼ਿਕਰ ਵੀ ਜ਼ਰੂਰੀ ਹੈ। ਅਮਰ ਭਾਰਤੀ ਜੀ ਦੀ ਭੂਮਿਕਾ ਦੀ ਥਾਂ ਜੇ ਤੱਥਾਂ ਸਹਿਤ ਲੇਖ ਹੁੰਦਾ ਤਾਂ ਚੰਗਾ ਸੀ। ਗਿਆਨੀ ਗਿਆਨ ਸਿੰਘ ਜੀ ਦੇ ਰਾਜਨੀਤੀ, ਮਲੇਰਕੋਟਲੇ ਅਤੇ ਪ੍ਰਦੇਸ ਗਮਨ ਵਾਲੇ ਕਬਿਤ ਵੀ ਦਿੰਦੇ ਤਾਂ ਕਿਆ ਬਾਤਾਂ ਸਨ, ਪਰ ਫਿਰ ਵੀ ਬਾਕੀਆਂ ਤੋਂ ਤੁਸੀਂ ਅੱਗੇ ਹੋ। ਵਰਿਆਮ ਸਿੰਘ ਸੰਧੂ ਦੇ ਸਫ਼ਰਨਾਮੇ ਦੀ ਬੇਬਾਕ ਸੱਚੀ ਸ਼ੈਲੀ ਪੜ੍ਹ ਕੇ ਲਗਿਆ ਹੈ ਕਿ ਨੈਤਿਕ ਕਦਰਾਂ ਕੀਮਤਾਂ ਅਨੁਸਾਰ ਜਿਉਣ ਅਤੇ ਸੱਚੋ-ਸੱਚ ਕਹਿਣ ਲਿਖਣ ਵਾਲੇ ਸਾਹਿਤਕਾਰ ਅਜੇ ਹਨ। ਇਸ ਬੰਦੇ ਨੂੰ ਮਿਲਣ ਨੂੰ ਜੀਅ ਕਰਦਾ ਹੈ।

**—ਹਰਜਿੰਦਰ ਸਿੰਘ ਬੋਘਲ**

ਪਿੰਡ ਸ਼ੇਖੂ ਖੇੜਾ, ਡਾਕ: ਮੌਜੂ ਖੇੜਾ

ਜ਼ਿਲ੍ਹਾ ਸਿਰਸਾ

—★—

ਦਸੰਬਰ ਦਾ 'ਵਰਿਆਮ' ਮਿਲਿਆ। ਇਸ ਵਿਚ ਅਮੀਨ ਮਲਿਕ ਦੀਆਂ ਕਵਿਤਾਵਾਂ ਬੜੀਆਂ ਸੁੰਦਰ ਹਨ। ਖਾਸ ਕਰਕੇ 'ਕਬਰ' ਅਤੇ 'ਲਾਸ਼' ਬਹੁਤ ਹੀ ਸ਼ਲਾਘਾਯੋਗ ਹਨ। ਹੋ ਸਕੇ ਤਾਂ ਅਮੀਨ ਨੂੰ ਮੇਰਾ ਸੰਦੇਸ਼ ਪੁਚਾ ਦੇਣਾ।

ਵਰਿਆਮ ਜਿਹੇ ਸਾਹਿਤਕ ਪਰਚੇ ਵਿਚ ਦਸਤਾਰ-ਬੰਦੀਆਂ ਤੇ ਮਰਨੇ ਜੰਮਣੇ ਦੀਆਂ ਖਬਰਾਂ ਸੋਂਹਦੀਆਂ ਨਹੀਂ। ਹੋ ਸਕਦਾ ਹੈ ਤੁਹਾਡੀਆਂ ਵੀ ਮਜਬੂਰੀਆਂ ਹੋਣ।

**—ਦਿਲੀਪ ਸਿੰਘ**

ਬੰਗਲੌਰ

—★—

ਨਾਮਧਾਰੀ ਸਾਹਿਤ ਸਭਾ, ਸ੍ਰੀ ਜੀਵਨ ਨਗਰ ਦੀ ਇਕ ਸ਼ੋਕ ਮੀਟਿੰਗ ਹੋਈ, ਜਿਸ ਵਿਚ ਸੰਪਾਦਕ ਵਰਿਆਮ ਦੇ ਪਿਤਾ ਸੰਤ ਨੱਥਾ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਦੋ ਮਿੰਟ ਦਾ ਮੋਨ ਰਖਿਆ ਗਿਆ ਅਤੇ ਪ੍ਰਮਾਤਮਾ ਅਗੇ ਅਰਦਾਸ ਕੀਤੀ ਗਈ ਕਿ ਪ੍ਰਮਾਤਮਾ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ। ਨਾਮਧਾਰੀ ਸਾਹਿਤ ਸਭਾ ਸੰਤ ਨੱਥਾ ਸਿੰਘ ਦੇ ਅਕਾਲ ਚਲਾਣੇ ਤੇ ਡੂੰਘੇ ਦੁਖ ਅਤੇ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ।

ਇਕ ਮਤੇ ਰਾਹੀਂ ਕਿਹਾ ਗਿਆ ਕਿ—ਭਾਵੇਂ ਸਭ ਨੇ ਇਸ ਦੁਨੀਆਂ ਉਤੋਂ ਚਲਿਆ ਜਾਣਾ ਹੈ ਆਪੋ-ਆਪਣੀ ਵਾਰੀ ਨਾਲ, ਪਰ ਫੇਰ ਵੀ ਵਿਛੋੜੇ ਦਾ ਦੁਖ ਤਾਂ ਸਹਿਣਾ ਹੀ ਪੈਂਦਾ ਹੈ। ਜਿਸ ਤਰ੍ਹਾਂ ਲਿਖਿਆ ਹੈ:

ਮਿਲਣਾ ਵਿਛੜਨਾ ਮਿਲ ਕੇ ਵਿਛੜ ਜਾਣਾ,
ਮੁਢੋਂ ਕੁਦਰਤ ਦਾ ਏਹੋ ਦਸਤੂਰ ਜਾਰੀ।
ਨਵਿਆਂ ਆਉਣਾ ਤੇ ਜਾਣਾ ਪੁਰਾਣਿਆਂ ਨੇ,
ਕਾਲ ਚੱਕਰ ਦੀ ਚਲਦੀ ਰਹੇ ਆਰੀ।
ਫਿਰ ਵੀ ਜਦੋਂ ਕੋਈ ਆਪਣਾ ਜੁਦਾ ਹੁੰਦੈ,
ਇਕ ਵਾਰ ਖਲਾ ਤਾਂ ਪੈ ਜਾਂਦੈ।
ਖੁਸ਼ੀ ਆਇਆ ਦੀ ਹੋਵੇ ਹਜ਼ਾਰ ਵਾਰੀ,
ਗ਼ਮੀ ਗਿਆਂ ਦੀ ਲੱਖ ਕਰੋੜ ਵਾਰੀ।

**ਲਖਵਿੰਦਰ ਸਿੰਘ ਬਾਜਵਾ**

ਸੈਕਟਰੀ ਨਾਮਧਾਰੀ ਸਾਹਿਤ ਸਭਾ

ਸ੍ਰੀ ਜੀਵਨ ਨਗਰ (ਸਿਰਸਾ)



Sri Satguru Jagjit Singh Ji eLibrary NamdhariElibrary@gmail.com

## ਪਿਆਰਾ ਸਿੰਘ ਸਹਿਰਾਈ ਦੀ ਯਾਦ ਵਿਚ ਸ਼ਰਧਾਂਜਲੀ ਸਮਾਗਮ

ਬੀਤੇ ਦਿਨੀਂ ੧੦ ਫਰਵਰੀ ਨੂੰ ਕੰਸਟੀਚਿਊਸ਼ਨ ਕਲੱਬ ਨਵੀਂ ਦਿੱਲੀ ਦੇ ਸਪੀਕਰ ਹਾਲ ਵਿਖੇ ਪਿਆਰਾ ਸਿੰਘ ਸਹਿਰਾਈ ਦੀ ਯਾਦ ਵਿਚ ਇਕ ਸ਼ਰਧਾਂਜਲੀ ਸਮਾਗਮ ਹੋਇਆ। ਸਮਾਗਮ ਵਿਚ ਸ. ਕਰਤਾਰ ਸਿੰਘ ਦੁੱਗਲ, ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ, ਸ੍ਰੀਮਤੀ ਉਰਮਿਲਾ ਆਨੰਦ, ਸ੍ਰੀਮਤੀ ਹਨੀਫ਼ ਹਾਸ਼ਮੀ, ਭਾਪਾ ਪ੍ਰੀਤਮ ਸਿੰਘ, ਡਾ. ਅਮਰੀਕ ਸਿੰਘ, ਡਾ. ਐਸ. ਐਸ. ਨੂਰ ਅਤੇ ਡਾ. ਕਰਨਜੀਤ ਸਿੰਘ ਨੇ ਸਹਿਰਾਈ ਜੀ ਦੀ ਸ਼ਖਸ਼ੀਅਤ, ਉਹਨਾਂ ਦੇ ਜੀਵਨ ਤੇ ਰਚਨਾ ਬਾਰੇ ਵਿਚਾਰ ਪ੍ਰਗਟ ਕੀਤੇ। ਸ. ਮਦਨ ਗੋਪਾਲ ਸਿੰਘ ਨੇ ਸਹਿਰਾਈ ਜੀ ਦੀਆਂ ਕਵਿਤਾਵਾਂ ਪੜ੍ਹਕੇ ਸੁਣਾਈਆਂ। ਸਮਾਗਮ ਵਿਚ ਹੇਠ ਲਿਖਿਤ ਸ਼ੋਕ ਮਤਾ ਪਾਸ ਕੀਤਾ ਗਿਆ :

"ਸ. ਪਿਆਰਾ ਸਿੰਘ ਸਹਿਰਾਈ ਦੇ ਸਦੀਵੀ ਵਿਛੋੜੇ ਤੇ ਜੁੜਿਆਂ ਲੇਖਕਾਂ ਤੇ ਬੁਧੀਜੀਵੀਆਂ ਦਾ ਇਹ ਇਕੱਠ ਉਹਨਾਂ ਨੂੰ ਸ਼ਰਧਾਂਜਲੀ ਪੇਸ਼ ਕਰਦਿਆਂ ਅਤਿਅੰਤ ਸੋਗਵਾਰ ਮਹਿਸੂਸ ਕਰਦਾ ਹੈ ਕਿਉਂਕਿ ਸਹਿਰਾਈ ਜੀ ਉਹ ਸਾਹਿਤਕ ਸ਼ਖਸੀਅਤ ਸਨ ਜਿਨ੍ਹਾਂ ਨੇ ਕਾਵਿ ਤੇ ਕਾਰਜ ਨੂੰ ਸੰਯੁਕਤ ਰੂਪ ਵਿਚ ਪ੍ਰਗਤੀਸ਼ੀਲਤਾ ਤੇ ਮਨੁਖਵਾਦ ਨਾਲ ਲਗਾਤਾਰ ਇਕ ਲੰਮਾ ਸਮਾਂ ਜੋੜੀ ਰਖਿਆ। ਇਹੋ ਕਾਰਨ ਸੀ ਕਿ ਉਹਨਾਂ ਨੇ ਇਕ ਲੰਮਾ ਸਮਾਂ ਪੰਜਾਬੀ ਸਾਹਿਤ ਨੂੰ ਪ੍ਰਭਾਵਤ ਵੀ ਕੀਤਾ ਅਤੇ ਅਜਿਹੀ ਚੇਤਨਾ ਦੀ ਇਕ ਉਦਾਹਰਣ ਕਾਇਮ ਕੀਤੀ।

ਅਸੀਂ ਪੰਜਾਬੀ ਲੇਖਕ ਤੇ ਪੰਜਾਬ ਦੇ ਬੁਧੀਜੀਵੀ ਉਨ੍ਹਾਂ ਦੀ ਸਿਮ੍ਰਤੀ ਨੂੰ ਚਿਰਾਂ ਤਕ ਸਾਂਭਣ ਦਾ ਪ੍ਰਣ ਕਰਦੇ ਹਾਂ ਅਤੇ ਪੰਜਾਬੀ ਦੇ ਇਸ ਨਾਮਵਰ ਮਾਨਵਵਾਦੀ ਸ਼ਾਇਰ ਨੂੰ ਸੁਹਿਰਦ ਸ਼ਰਧਾਂਜਲੀ ਪੇਸ਼ ਕਰਦੇ ਹਾਂ।"

## ਚਰਨ ਸੀਚੇਵਾਲਵੀ ਨੂੰ ਸਦਮਾ

ਪੰਜਾਬੀ ਕਵੀ ਸ. ਚਰਨ ਸੀਚੇਵਾਲਵੀ ਦੇ ਛੋਟੇ ਭਰਾਤਾ ਸ. ਰਣਜੀਤ ਸਿੰਘ ਸਪੁਤਰ ਸ. ਹਰਨਾਮ ਸਿੰਘ ੪-੨-੯੮ ਨੂੰ ਅਕਾਲ-ਚਲਾਣਾ ਕਰ ਗਏ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਪਾਠ ਦਾ ਭੋਗ ੧੩-੨-੯੮ ਦਿਨ ਸ਼ੁਕਰਵਾਰ ਨੂੰ ੧੨-੦੦ ਵਜੇ ਉਨ੍ਹਾਂ ਦੇ ਗ੍ਰਿਹ ੪੨੮, ਗੁਰੂ ਨਾਨਕਪੁਰਾ ਵੈਸਟ, ਚੁਗਿਟੀ ਜਲੰਧਰ ਵਿਖੇ ਪਾਇਆ ਗਿਆ। ਕੀਰਤਨ ਤੇ ਅੰਤਿਮ ਅਰਦਾਸ ੧ ਤੋਂ ੨ ਵਜੇ ਤਕ ਗੁਰਦੁਆਰਾ ਸਿੰਘ ਸਭਾ ਗੁਰੂ ਨਾਨਕਪੁਰਾ ਵੈਸਟ ਰੇਲਵੇ ਫ਼ਾਟਕ ਜਲੰਧਰ-੯ ਵਿਖੇ ਹੋਈ। ਅਸੀਂ ਚਰਨ ਸੀਚੇਵਾਲਵੀ ਤੇ ਸਮੂਹ ਮਠਾੜੂ ਪਰਿਵਾਰ ਦੇ ਇਸ ਦੁਖ ਵਿਚ ਸ਼ਾਮਲ ਹਾਂ।

—ਸੰਪਾਦਕ 'ਵਰਿਆਮ'

---

## ਵਰਿਆਮ ਬਾਰੇ ਜਾਣਕਾਰੀ

ਫਾਰਮ ੪ ਦੇਖੋ ਨਿਯਮ ੮

| | | |
|---|---|---|
| ੧. | ਪ੍ਰਕਾਸ਼ਨ ਸਥਾਨ : | ਲਾਡੋਵਾਲੀ ਰੋਡ ਜਲੰਧਰ |
| ੨. | ਪ੍ਰਕਾਸ਼ਨ ਦਾ ਸਮਾਂ | ਮਾਸਕ |
| ੩. | ਛਾਪਣ ਵਾਲੇ ਦਾ ਨਾਮ | ਜਗਦੀਸ਼ ਸਿੰਘ |
| | ਨਾਗਰਿਕਤਾ | ਭਾਰਤੀ |
| ੪. | ਪ੍ਰਕਾਸ਼ਕ ਦਾ ਨਾਮ | ਜਗਦੀਸ਼ ਸਿੰਘ |
| | ਨਾਗਰਿਕਤਾ | ਭਾਰਤੀ |
| ੫. | ਸੰਪਾਦਕ ਦਾ ਨਾਮ | ਜਗਦੀਸ਼ ਸਿੰਘ |
| | ਨਾਗਰਿਕਤਾ | ਭਾਰਤੀ |
| | ਪਤਾ | ਮਾਸਕ ਵਰਿਆਮ ਲਾਡੋਵਾਲੀ ਰੋਡ ਜਲੰਧਰ |
| ੬. | ਉਨ੍ਹਾਂ ਵਿਅਕਤੀਆਂ ਦੇ ਨਾਂਅ ਅਤੇ ਪਤੇ ਜੋ ਸਮਾਚਾਰ ਪੱਤਰ ਦੇ ਮਾਲਕ ਹਨ ਤੇ ਕੁਲ ਪੂੰਜੀ ਦੇ ਇਕ ਤੋਂ ਵਧ ਪ੍ਰਤੀਸ਼ਤ ਦੇ ਭਾਈਵਾਲ ਹੋਣ। | ਜਗਦੀਸ਼ ਸਿੰਘ ਮਾਸਕ ਵਰਿਆਮ ਲਾਡੋਵਾਲੀ ਰੋਡ ਜਲੰਧਰ |

ਮੈਂ ਜਗਦੀਸ਼ ਸਿੰਘ ਐਲਾਨ ਕਰਦਾ ਹਾਂ ਕਿ ਉਪਰ ਦਿਤੇ ਵੇਰਵੇ ਮੇਰੀ ਜਾਣਕਾਰੀ ਅਤੇ ਵਿਸ਼ਵਾਸ਼ ਦੇ ਅਨੁਸਾਰ ਠੀਕ ਹਨ।

ਸਹੀ/—

(ਜਗਦੀਸ਼ ਸਿੰਘ)

ਮਿਤੀ ੨੮-੨-੧੯੯੮ [ਪ੍ਰਕਾਸ਼ਕ ਦੇ ਹਸਤਾਖਰ



Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



## ਗੁਰਦਿਆਲ ਸਿੰਘ ਐਂਡ ਸਨਜ਼

ਫਗਵਾੜਾ ਗੇਟ, ਜਲੰਧਰ ਫੋਨ 59869

---

ਬਾਜ਼ਾਰ ਨਾਲੋਂ ਸਸਤੀ ਅਤੇ ਵਧੀਆ ਕਿਸਮ ਦੀ
ਹਰ ਕਿਸਮ ਦੀ ਲੱਕੜ
ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੈਲ,
ਪੜਤਲ, ਚੀਲ੍ਹ ਆਦਿ ਵੇਚਣ ਵਾਲੇ

## ਦਲੀਪ ਸਿੰਘ ਪੂਰਨ ਸਿੰਘ ਸੱਗੂ

(ਟਿੰਬਰ ਮਰਚੈਂਟਸ)

**Dalip Singh Puran Singh Saggu**
[TIMBER MERCHANTS]

ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ

Phone : 58795, 59056
Mobile Phone 9814060489 Pager 96124089

---

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ
ਦਰਵਾਜ਼ੇ, ਖਿੜਕੀਆਂ, ਰੋਸ਼ਨਦਾਨ ਅਤੇ ਲਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

## ਹਰਭਜਨ ਵੁੱਡ ਵਰਕਸ

ਅਕਹਿਰੀ ਪੁਲੀ, ਜਲੰਧਰ-੧੪੪੦੦੪.
ਫੋਨ 238784

---

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖ਼ਸ਼ ਕੰਮ ਵਾਸਤੇ
ਦਰਸ਼ਨ ਦਿਓ

## ਬਚਨ ਸਿੰਘ ਐਂਡ ਸਨਜ਼

ਨਿਊ ਟਿੰਬਰ ਮਾਰਕੀਟ,
ਅਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ: 232990

---

## JANTA
## HYDRAULIC PRESSES



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

---

ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ ਚੌਗਾਠਾਂ,
ਦਰਵਾਜ਼ੇ, ਖਿੜਕੀਆਂ, ਰੋਸ਼ਨਦਾਨ ਬਣਵਾਉਣ ਲਈ ਅਤੇ
ਵਧੀਆ ਕਿਸਮ ਦਾ ਇਮਾਰਤੀ ਸਾਮਾਨ ਖਰੀਦਣ ਲਈ

## ਹਜ਼ੂਰ ਸਿੰਘ ਐਂਡ ਸਨਜ਼

(ਪਾਰਟਨਰ ਹਜ਼ੂਰ ਸਿੰਘ ਜਸਬੀਰ ਸਿੰਘ)

ਅਕਹਿਰੀ ਪੁਲੀ, ਜਲੰਧਰ ਸ਼ਹਿਰ
ਵਾਲਿਆਂ ਦੀ ਦੁਕਾਨ ਤੇ ਦਰਸ਼ਨ ਦਿਓ ਤੇ ਲਾਭ ਉਠਾਓ



Sri Satguru Jagjit Singh Ji eLibrary NamdhariElibrary@gmail.com

ਵਰਿਆਮ ਲਈ ਸ਼ੁਭ ਇਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

# ਨਾਮਧਾਰੀ ਬ੍ਰਦਰਜ਼

## ਡਾਲਟਨਗੰਜ (ਬਿਹਾਰ)

# Namdhari Brothers

## DALTON GANJ

**(Bihar)**

**Prop. :**
**S. AJIT SINGH NAMDHARI**

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Turn Turn : 220010

**Makhan Singh Saggu**

# TECHNO INDUSTRIES

## ਟੈਕਨੋ ਇੰਡਸਟਰੀਜ਼

**Manufacturers, Fabricators & Exporters**

**Industrial Chain Sprockets & Sugar Mill**
**Spares All Types of Graded Casting**
**& Machinery Parts**

**E.D. 311, Old Railway Road,**
**JALANDHAR-144001.**

---

GOLD MEDAL WINNER (1962-1983)

# JAYSON®

## ELECTRIC MOTORS

FOR Agriculture, Domestic and Industrial Uses

EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single
Phase and 1/12 H.P. to
30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also
be made according to
Customer's Specifications




ONE YEAR GUARANTEE AGAINST ALL
MANUFACTURING DEFECTS

Manufactured by:
**Jayson Electric Co. (Regd.)**
WH-2, Phase-1, Sat Guru Ram Singh Marg,
Maya Puri Indl. Area, New Delhi-110064
Phones: 594536,532536 Resi.501634




Sri Satguru Jagjit Singh Ji eLibrary NamdhariElibrary@gmail.com

Manufacturers & Exporters of

AUTO ACCESSORIES

# G N D Auto Industries

Managing Partner's : **Pawittar Singh Namdhari**

**77, Industrial Area-I, Chandigarh—160002**

Tel. 91-172-641294, 91-172-655939 Fax 91-172-656300 E Mail Uniq @ arbornet. org.

*Office at U.S.A. :*

421N. Brookhurst Street,

Suite No. 209, Anaheim—CA 92801

U.S.A.

*Mubai Office :*

502, Kakad, Market,

306, Kalbadevi Rd., Mumbai

Tel. 91-22-205-1833 Fax 91-22-375-2438

---

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office—5411940, 5451969, 502061
Resi. —5455011, 5440079

# NAMDHARI MARBLE CO.

*Supplier of :—*

KOTA STONE, RED AGRA, MANDANA, MARBLE,
DHAULPUR & GWALIOR BUCH

PROP. S. DAYA SINGH BHUI

**WZ-2, Mansarover Garden, Ring Road,**

**NEW DELHI—110015**



Sri Satguru Jagjit Singh Ji eLibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

61040
Code : 01824

# For Fitting Diesel Engines in Foreign
# &
# INDIAN CAR BODIES




*Specialists in :*

## Mercedes Benz Car Repairing

# AMARJIT MOTOR GARAGE

G.T. Road, Opp. Jalandhar Octroi Post,
PHAGWARA

Sri Satguru Jagjit Singh Ji eLibrary NamdhariElibrary@gmail.com

Registered No. PB/JL-253
MONTHLY WARIAM
Ladowali Road, Jalandahr-144 001
March 1998
Registered with the Registrar of News papers for India No. 26453

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

## ਟੈਂਟ ਹਾਊਸ ਵਾਲਿਆਂ ਵਾਸਤੇ ਖ਼ੁਸ਼ਖਬਰੀ

**ਵਧੀਆ, ਦਿਲਕਸ਼ ਵੰਨ ਸੁਵੰਨੇ ਡੀਜ਼ਾਇਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ**

# ਨਾਮਧਾਰੀ ਏਜੰਸੀਜ਼

**੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ, ਚਾਂਦਨੀ ਚੌਕ, ਦਿੱਲੀ-੧੧੦੦੦੬**

Manufacturers & Suppliers of :

**TUKRIDAR PRINTED SHAMIANAS & KANATS IN ATTRACTIVE AND GUARNTEED FAST COLOURS, WOODEN & STEEL FURNITURE & PADESTAL FANS ETC.**

*Please Contact :*

**Office : 2968411, 2961345 Resi : 6845441**

# NAMDHARI AGENCIES

2/2068, CHAH ANDARA, (BEHIND JUBILEE CINEMA)
CHANDNI CHOWK, DELHI–110006

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫ਼ਤਰ ਵਰਿਆਮ, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਫੋਨ : 222543, ਨਿਵਾਸ 56289

Sri Satguru Jagjit Singh Ji eLibrary NamdhariElibrary@gmail.com